# ਅੰਮ੍ਰਿਤ ਕੀਰਤਨ

ਜੁਲਾਈ 2011




ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-

## ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ



ਹਾਜ਼ਰ ਸੰਗਤ ਹੋ ਕੇ ਗਲੇ ਪਾ ਪੱਲੂ,
ਹੱਥ ਬੰਨ੍ਹ ਕੇ ਸੀਸ ਨਿਵਾਂਵਦਾ ਹਾਂ।

ਸ਼ਰਨ ਆਏ ਦੀ ਸ਼ਰਨ ਨੂੰ ਪਾਲ ਦਾਤਾ
ਕੱਢ ਕੀਰਨੇ ਮਨੋ ਕੁਰਲਾਂਵਦਾ ਹਾਂ।

ਮੇਰੇ ਕਰਮਾਂ ਵਲ ਨ ਵੇਖ ਸਾਂਈਆਂ,
ਭੁੱਲਾਂ ਕੀਤੀਆਂ ਬਹੁਤ ਬਖਸ਼ਾਂਵਦਾ ਹਾਂ।

ਵਿਚ ਸੰਗਤ ਦੇ ਤੇਰੇ ਦੀਦਾਰ ਹੋਵਣ
ਹਾਜ਼ਰ ਹੋ ਕੇ ਸ਼ਰਣ ਮੰਨਾਂਵਦਾ ਹਾਂ।

ਤੇਰੀ ਮਿਹਰ ਤੋਂ ਕੰਚਨ ਮਨੂਰ ਹੋਵੇ,
ਹੋਵਨ ਫੈਸਲੇ ਨਹੀਂ ਸਫਾਈਆਂ ਦੇ।

ਸੰਗਤ ਪ੍ਰੀਤਮ ਦੀ ਪ੍ਰੀਤ ਵਿਚ ਲੀਨ ਹੋ ਜਾ
ਪ੍ਰੀਤਮ ਵੱਸਦਾ ਪ੍ਰੀਤ ਦੀਆਂ ਜਾਈਆਂ ਦੇ।

**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ


ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ
**ਸ: ਹਰਚੰਦਨ ਸਿੰਘ**


- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012


ਚੰਦੇ ਦਾ ਵੇਰਵਾ

- ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
  ਜੀਵਨ ਮੈਂਬਰ 1500 ਰੁ.
- ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £
- 'ਅੰਮ੍ਰਿਤ ਕੀਰਤਨ' ਲਈ ਡਰਾਫਟ
  'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।
  ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ



ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-277266●, ●9814● 5363●
e-mail: drjagirsingh@gmail.com
Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

**Type Setting & Designed by :**
**Rajpreet Singh Khural - 9915545084**


## ਇਸ ਅੰਕ ਵਿਚ


| | |
|---|---|
| ਮ੍ਰਿਤ ਅਸਾਡੜੇ ਸੇਈ | 4 |
| ਕਰਉ ਬੇਨੰਤੀਆ - ਕੀਰਤਨ ਵਿਸ਼ਲੇਸ਼ਣ | 5 |
| ਮਹਾਨ ਕੀਰਤਨੀਏ ਭਾਈ ਦਿਦਾਰ ਸਿੰਘ<br>ਹਰਜਾਪ ਸਿੰਘ | 6 |
| ਭਾਰਤ ਵਿੱਚ ਵਾਇਲਨ ਦਾ ਨਿਕਾਸ ਤੇ ਵਿਕਾਸ<br>ਹੇਮੰਤ ਕਪਿਲ | 9 |
| ਤਹਾ ਬੈਕੁੰਠ ਜਹ ਕੀਰਤਨੁ ਤੇਰਾ॥<br>ਕਰਤਾਰ ਸਿੰਘ ਨੀਲਧਾਰੀ | 12 |
| **ਭਾਰਤੀ ਸੰਗੀਤ ਸਿਖਿਆ ਦਾ ਅਸਲੀ ਸਵਰੂਪ: ਗੁਰੂਸ਼ਿਸ਼ ਪਰਪੰਰਾ ਜਾਂ ਸੰਸਥਾਗਤ ਸਿਖਿਆ ਪ੍ਰਣਾਲੀ**<br>ਰਿਸ਼ਪਾਲ ਸਿੰਘ | 16 |
| ਸਿੱਖ ਪੰਥ ਦਾ ਅਦੁੱਤੀ ਕੀਰਤਨੀਆ : ਭਾਈ ਕਿਸ਼ਨ ਸਿੰਘ ਜੀ 'ਪ੍ਰਵਾਨਾ'<br>ਦਿਆਲ ਸਿੰਘ | 18 |
| Let us try to understand Gurbani | 22 |
| ਸੁਰ ਲਿਪੀ - ਰਾਗ ਸਾਰੰਗ | 24 |
| ਸੁਰ ਲਿਪੀ ਵਾਲੇ ਸ਼ਬਦ ਦੇ ਅਰਥ | 26 |


**Please forward your e-mail id at drjagirsingh@gmail.com**

# ਮਿਤ੍ਰ ਅਸਾਡੜੇ ਸੇਈ

ਜੂਨ ਅੰਕ ਵਿਚ ਕਰਤਾਰ ਸਿੰਘ ਨੀਲਧਾਰੀ ਲੋਕ ਜਾਨੈ ਇਹ ਗੀਤ ਹੈ ਅਤੇ ਡਾ. ਰਾਜ਼ੇਸ਼ ਸ਼ਰਮਾਂ ਦੇ ਭਾਰਤੀ ਸੰਗੀਤ ਵਿਚ ਕਾਕੂ ਦਾ ਮਹੱਤਵ ਲੇਖ ਸੰਗੀਤ ਦੀਆਂ ਗੁਝੀਆਂ ਰਮਜ਼ਾਂ ਸਮਝਾਉਂਦੇ ਹਨ।

ਕਰਮ ਸਿੰਘ ਰਤਨ, 425, ਸਿਮਰਨ ਨਿਵਾਸ, ਗਲੀ ਨੰ: 1, ਨਿਊ ਬਸੰਤ ਵਿਹਾਰ, ਕਾਕੋਵਾਲ ਰੋਡ, ਲੁਧਿਆਣਾ

ਜੂਨ ਅੰਕ ਵਿਚ ਡਾ. ਜਾਗੀਰ ਸਿੰਘ ਜੀ ਦੇ 'ਕਰਉ ਬੇਨੰਤੀਆ' ਵਿਚ ਅਣਘੜਿਆ ਹੀਰਾ ਪੜ੍ਹ ਕੇ ਬਹੁਤ ਚੰਗਾ ਲੱਗਾ। ਇਸ ਤੋਂ ਸਾਨੂੰ ਕਾਫੀ ਪ੍ਰੇਰਨਾ ਮਿਲਦੀ ਹੈ।

Mangat Singh Mastana, Sangam Radio & T.V. College, G.T. Road, MALOUT,

ਜੂਨ ਅੰਕ ਦੀ ਸਮੱਗਰੀ ਬਹੁਤ ਪਸੰਦ ਆਈ। ਪਰਮਾਤਮਾ ਅੱਗੇ ਅਰਦਾਸ ਹੈ ਕਿ ਮੈਗਜ਼ੀਨ ਇਸੇ ਤਰ੍ਹਾਂ ਹੀ ਚਲਦਾ ਰਹੇ।

Sant Mukand Singh C/o Daljit Singh, Ranjit Motor Store, Malout

ਭਾਰਤੀ ਸੰਗੀਤ ਵਿਚ 'ਕਾਕੂ' ਦਾ ਮਹੱਤਵ ਵਿਚ ਡਾ. ਰਾਜੇਸ਼ ਸ਼ਰਮਾ ਨੇ ਬਹੁਤ ਵਧੀਆ ਵਿਚਾਰ ਪ੍ਰਗਟ ਕੀਤੇ ਹਨ।

Prof. M. S. Sachdeva, Indian Music Academy, C/o Shiv Bhole Sound Service
Behind- Bus Stand, ABOHAR

I listened to Your CD and found it interesting. It has Nirol kirtan different from other ragis.

Awatar Singh , e-mail : yoursisterjaipur@yahoo.com

Aap ji ne amritkiratan website khol k Gurmat Sangeet nu parphulit karan vich bahut hi vadmulla yogdaan payia hai. satguru ji sadaa aap nu charhdiaan kalaan bakhshan.

Gurwinder Kaur , **Email:** dr.gurwinderkaur@hotmail.com

Congrats For Your Wonderful Initiative In Love Of Baba Nanak Jee . Never Feel Disheartened In Life , You Have A Longway To Go.

AJEET SINGH MAC **Email:** satkartar77@rediffmail.com

ਤੁਹਾਡੀ ਸਾਈਟ ਖੋਲ ਕੇ ਰੂਹਾਨੀ ਕੀਰਤਨ ਦਾ ਆਨੰਦ ਮਾਣ ਲਈਦਾ ਹੈ। ਤੁਸੀ ਸੰਗਤਾਂ ਅਤੇ ਗੁਰੂ ਘਰ ਦੀ ਨਿਸ਼ਕਾਮ ਸੇਵਾ ਵਿਚ ਲੱਗੇ ਹੋਏ ਹੋ, ਵਾਹਿਗੁਰੂ ਤੁਹਾਡੇ ਤੇ ਆਪਣੀਆਂ ਬਖ਼ਸ਼ਿਸ਼ਾਂ ਕਰਦਾ ਰਹੇ, ਤੁਹਾਨੂੰ ਹੋਰ ਮਾਣ ਸਨਮਾਨ ਮਿਲਣ।

ਰਤਨ ਸਿੰਘ ਢਿੱਲੋਂ, 25-ਬੀ, ਟ੍ਰਿਬਿਊਨ ਕਾਲੋਨੀ ਅੰਬਾਲਾ ਕੈਂਟ, ਫੋਨ: 0171-2653333
ਸੈਲ-- 094161-77988

# ਕੀਰਤਨ ਵਿਸ਼ਲੇਸ਼ਣ

ਮੇਰੇ ਮਿੱਤਰ ਜਗਤਾਰਜੀਤ ਸਿੰਘ ਜੋ ਸੁਲਝੇ ਹੋਏ ਕਵੀ ਅਤੇ ਚਿੰਤਕ ਹਨ ਨੇ ਸ੍ਰ. ਸੋਭਾ ਸਿੰਘ ਅਤੇ ਸ੍ਰ. ਕਿਰਪਾਲ ਸਿੰਘ ਦੇ ਬਣਾਏ ਚਿਤਰਾਂ ਦਾ ਵਿਸ਼ਲੇਸ਼ਣ ਕੀਤਾ। ਉਹਨਾਂ ਨੇ ਦੋਹਾਂ ਮਹਾਨ ਚਿਤਰਕਾਰਾਂ ਵੱਲੋਂ ਬਣਾਏ ਭਾਈ ਘਨਈਆ ਜੀ ਦੇ ਚਿਤਰਾਂ ਨੂੰ ਇੱਕ ਵਖਰੇ ਦ੍ਰਿਸ਼ਟੀਕੋਣ ਤੋਂ ਅਧਿਐਨ ਕਰਦਿਆਂ ਕਮਾਲ ਦੀਆਂ ਟਿੱਪਣੀਆਂ ਕੀਤੀਆਂ। ਇਹਨਾਂ ਟਿਪਣੀਆਂ ਤੋਂ ਦੋਹਾਂ ਚਿਤਰਕਾਰਾਂ ਦੀ ਅੰਤਰਦ੍ਰਿਸ਼ਟੀ ਸਪਸ਼ਟ ਹੁੰਦੀ ਹੈ। ਜਗਤਾਰ ਜਿਤ ਸਿੰਘ ਦਾ ਇਹ ਲੇਖ ਅਸੀਂ ਅੰਮ੍ਰਿਤ ਕੀਰਤਨ ਦੇ ਮਾਰਚ 2011 ਦੇ ਅੰਕ ਵਿੱਚ ਪ੍ਰਕਾਸ਼ਿਤ ਕਰ ਚੁੱਕੇ ਹਾਂ।

ਇਸ ਤੋਂ ਮੇਰੇ ਮਨ ਵਿੱਚ ਵਿਚਾਰ ਆਇਆ ਕਿ ਇਸੇ ਤਰ੍ਹਾਂ ਹੀ ਅਸੀਂ ਕੀਰਤਨੀਆਂ ਦੀ ਪੇਸ਼ਕਾਰੀ ਦਾ ਅਧਿਐਨ ਕਰ ਸਕਦੇ ਹਾਂ। ਇਹ ਅਧਿਐਨ ਕਰਨ ਲਈ ਸਾਨੂੰ ਰਿਕਾਰਡ ਕੀਤੀ ਹੋਈ ਕੈਸਟ ਜਾਂ ਸੀ ਡੀ ਨੂੰ ਮਾਧਿਅਮ ਬਣਾਉਣਾ ਪਵੇਗਾ। ਇਸ ਪ੍ਰਕਾਰ ਦਾ ਅਧਿਐਨ ਕਰਨ ਲਈ ਹੇਠ ਲਿਖੇ ਅਨੁਸਾਰ ਵੇਰਵੇ ਦੇਣੇ ਪੈਣਗੇ-

ਸ਼ਬਦਾਂ ਦੀ ਚੋਣ- ਕੀਰਤਨੀਏ ਵੱਲੋਂ ਕੀਤੀ ਸ਼ਬਦ ਚੋਣ ਉਸ ਦੀ ਆਪਣੀ ਅੰਤਰਦ੍ਰਿਸ਼ਟੀ ਬਾਰੇ ਦਸਦੀ ਹੈ। ਪ੍ਰਸਿੱਧ ਕੀਰਤਨੀਏ ਭਾਈ ਸੰਤਾ ਸਿੰਘ ਜੀ ਨੂੰ ਲਾਹੌਰ ਰੇਡੀਓ ਸਟੇਸ਼ਨ ਤੇ ਕੀਰਤਨ ਕਰਨ ਦਾ ਮੌਕਾ ਮਿਲਿਆ। ਭਾਈ ਸਾਹਿਬ ਨੇ 'ਸ਼ਬਦ ਦੇਹ ਸ਼ਿਵਾ ਬਰ ਮੋਹਿ ਇਹੈ' ਦਾ ਗਾਇਨ ਕੀਤਾ। ਇਹ ਸ਼ਬਦ ਬੜਾ ਪ੍ਰਚਲਤ ਹੋਇਆ।

ਸ੍ਰ ਹਰਕਿਸ਼ਨ ਸਿੰਘ ਧੂਪੀਆ ਜੋ ਆਲ ਇੰਡੀਆ ਰੇਡੀਓ ਤੋ ਡਾਇਰੈਕਟਰ ਦੇ ਤੌਰ ਤੇ ਰਿਟਾਇਰ ਹੋਏ ਸਨ ਦੇ ਦੱਸਣ ਅਨੁਸਾਰ ਇਹ ਸ਼ਬਦ ਗਾਇਨ ਕਰਵਾਉਣ ਦੀ ਸਰਕਾਰੀ ਨੀਤੀ ਸੀ ਕਿਉਂ ਕਿ ਉਸ ਵੇਲੇ ਦੂਜੀ ਸੰਸਾਰ ਜੰਗ ਲੱਗੀ ਹੋਈ ਸੀ ਤੇ ਅੰਗਰੇਜ਼ ਸਰਕਾਰ ਜੰਗ ਵਿੱਚ ਲਿਜਾਣ ਲਈ ਵਧ ਤੋਂ ਸਿੱਖਾਂ ਨੂੰ ਪ੍ਰੇਰ ਰਹੀ ਸੀ। ਕਈ ਵਾਰ ਵਕਤੀ ਤੌਰ ਤੇ ਸਰੋਤਿਆਂ ਦੀ ਮਾਨਸਿਕਤਾ ਨੂੰ ਧਿਆਨ ਵਿੱਚ ਰਖਦਿਆਂ ਵੀ ਕੀਰਨਤੀਏ ਸ਼ਬਦਾਂ ਦੀ ਚੋਣ ਕਰਦੇ ਹਨ। ਪਿਛਲੇ ਸਮੇਂ ਸਿੱਖ ਮਾਨਸਿਕਤਾ ਨੂੰ ਪ੍ਰਗਟਾਉਂਦੇ ਸ਼ਬਦਾਂ ਦਾ ਗਾਇਨ ਬੜਾ ਪ੍ਰਚਲਤ ਹੋਇਆ।

ਇੱਕ ਕੀਰਤਨੀਆਂ ਕੇਵਲ ਇੱਕ ਸ਼ਬਦ -'ਕੁੱਤਾ ਰਾਜ ਬਹਾਲੀਏ' ਦਾ ਗਾਇਨ ਕਰ ਕੇ ਹੀ ਚੰਗਾ ਪ੍ਰਸਿੱਧ ਹੋ ਗਿਆ ਸੀ।

ਜਦੋਂ ਕੀਰਤਨੀਏ ਕਿਸੇ ਘਰ ਵਿੱਚ ਖੁਸ਼ੀ ਦੇ ਮੌਕੇ ਕੀਰਤਨ ਕਰਨ ਜਾਂਦੇ ਹਨ ਤਾਂ ਉਹਨਾਂ ਨੂੰ 'ਲਖ ਖੁਸੀਆਂ ਪਾਤਸਾਹੀਆ' ਜਾਂ 'ਜੋ ਮਾਂਗਹਿ ਠਾਕੁਰ ਅਪਨੇ ਤੇ' ਸ਼ਬਦ ਗਾਇਨ ਕਰਨ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਮਿਰਤਕ ਸਮਾਗਮਾਂ ਤੇ 'ਸਜਣ ਮੇਰੇ ਰੰਗਲੇ' ਜਾਂ 'ਬਾਬਾ ਬੋਲਤੇ ਤੇ ਕਹਾਂ ਗਏ' ਆਦਿ ਸ਼ਬਦ ਗਾਇਨ ਕਰਨ ਲਈ ਕਿਹਾ ਜਾਂਦਾ ਹੈ। ਭਾਵੇਂ ਸ਼ਬਦਾਂ ਦਾ ਇੰਜ ਗਾਇਨ ਕਰਨਾ ਗੁਰਮਤਿ ਸੰਗੀਤ ਦੀ ਮਿਆਰਾਂ ਅਨੁਸਾਰ ਪੂਰਾ ਨਹੀਂ ਉਤਰਦਾ ਪਰ ਸਧਾਰਨ ਸਰੋਤਿਆਂ ਨੂੰ ਇਹ ਕੁਝ ਚੰਗਾ ਲਗਦਾ ਹੈ ਅਤੇ ਕੀਰਤਨੀਏ ਉਹਨਾਂ ਦੀ ਰੁਚੀ ਅਨੁਸਾਰ ਸ਼ਬਦ ਗਾਇਨ ਕਰਨ ਦੀ ਕੋਸ਼ਿਸ਼ ਕਰਦੇ ਹਨ।

ਸ਼ਬਦ ਚੋਣ ਤੋਂ ਇਲਾਵਾ ਕੀਰਤਨੀਆਂ ਕਿਹੜੀ ਤੁਕ ਨੂੰ ਸਥਾਈ ਬਣਾਉਂਦਾ ਹੈ। ਉਹ ਸ਼ਬਦ ਗਾਇਨ ਲਈ ਕਿਸ ਰੀਤ, ਰਾਗ ਅਤੇ ਤਾਲ ਦੀ ਚੋਣ ਕਰਦਾ ਹੈ। ਉਹ ਆਪਣੀ ਟਿਊਨ ਸੁਣਾਉਣ ਲਈ ਸ਼ਬਦ ਗਾਇਨ ਕਰ ਰਿਹਾ ਹੈ ਜਾਂ ਗੁਰਬਾਣੀ ਦੇ ਭਾਵਾਂ ਨੂੰ ਸਰੋਤਿਆਂ ਤਕ ਪੁਚਾਉਣਾ ਚਾਹੁੰਦਾ ਹੈ। ਇਸ ਦਾ ਪਤਾ ਵੀ ਕੀਰਤਨੀਏ ਦੀ ਗਾਇਕੀ ਤੋਂ ਲੱਗ ਜਾਂਦਾ ਹੈ।

ਆਮ ਸਰੋਤਿਆਂ ਵੱਲੋਂ ਕੀਰਤਨ ਬਾਰੇ ਕੀਤੀਆਂ ਟਿਪਣੀਆਂ ਵੀ ਗੌਰ ਕਰਨ ਵਾਲੀਆਂ ਹੁੰਦੀਆਂ। 'ਫਲਾਣਾ ਰਾਗੀ ਤਾਂ ਬਾਹਲਾ ਪੱਕੇ ਰਾਗਾਂ ਵਿੱਚ ਕੀਰਤਨ ਕਰਦਾ ਹੈ।' 'ਭਾਈ ਸਾਹਿਬ ਜਰਾ ਚੱਕਮਾਂ ਚੱਕਮਾ ਕੀਰਤਨ ਕਰਨਾ।' 'ਫਲਾਣੇ ਰਾਗੀ ਦਾ ਕੀਰਤਨ ਢਿੱਲਾ ਹੁੰਦਾ ਹੈ।'

ਖੈਰ ਵਰਤਮਾਨ ਕੀਰਤਨੀਆਂ ਦੇ ਕੀਰਤਨ ਦਾ ਵਿਸ਼ਲੇਸ਼ਣ ਤਾਂ ਕਈ ਵਾਰ ਦੁਸ਼ਮਣੀ ਸਹੇੜਨ ਵਾਲੀ ਗੱਲ ਬਣ ਜਾਂਦੀ ਹੈ। ਪਰ ਪੁਰਾਤਨ ਕੀਰਤਨੀਆਂ ਦੇ ਕੀਰਤਨ ਦਾ ਵਿਸ਼ਲੇਣ ਜੇ ਸਾਂਝ ਕਰੀਜੈ ਗੁਣਾਂ ਕੇਰੀ ਛੋਡ ਅਵਗੁਣ ਚਲੀਐ ਦੀ ਦ੍ਰਿਸ਼ਟੀ ਤੋਂ ਕੀਤਾ ਜਾਵੇ ਤਾਂ ਕੋਈ ਹਰਜ ਨਹੀ।

ਤੁਹਾਡਾ ਕੀ ਵਿਚਾਰ ਹੈ?

# ਮਹਾਨ ਕੀਰਤਨੀਏ ਭਾਈ ਦਿਦਾਰ ਸਿੰਘ

## ਹਰਜਾਪ ਸਿੰਘ

ਲਗਪਗ ਤਿੰਨ ਮਹੀਨੇ ਹੀ ਬੀਤ ਚੁੱਕੇ ਹਨ ਭਾਈ ਦਿਦਾਰ ਸਿੰਘ ਹੋਰਾਂ ਨੂੰ ਸਵਰਗਵਾਸ ਹੋਇਆ। ਭਾਈ ਸਾਹਿਬ ਦੀ ਆਯੂ 55 ਤੋਂ 60 ਸਾਲ ਦੇ ਦਰਮਿਆਨ ਸੀ। ਇਹ ਲੇਖਕ ਜਿੰਨਾ ਸਮਾਂ ਭਾਰਤ ਰਿਹਾ ਉਸ ਸਮੇਂ ਭਾਈ ਸਾਹਿਬ ਨਾਲ ਕੋਈ ਸੰਬੰਧ ਨਹੀਂ ਪੈਦਾ ਕਰ ਸਕਿਆ। ਇਸ ਨੂੰ ਮੰਦੇ ਭਾਗਾਂ ਦੀ ਅਲਾਮਤ ਸਮਝੋ ਜਾਂ ਮਹਿਜ਼ ਇਤਫਾਕ ਦੀ ਗੱਲ।

ਅਮਰੀਕਾ ਆ ਕੇ ਕਿਸੇ ਕੀਰਤਨ ਪ੍ਰੇਮੀ ਦੇ ਘਰ ਭਾਈ ਸਾਹਿਬ ਦੇ ਜੱਥੇ ਦੀਆਂ ਆਵਾਜ਼ਾਂ ਵਿਚ ਕੀਰਤਨ ਦੀਆਂ ਦੋ ਕੈਸਟਸ ਸੁਣੀਆਂ। ਇਹ ਸਤਨਾਮ ਕੀਰਤਨ ਟਰੱਸਟ ਵੈਨਕੂਵਰ ਬ੍ਰਿਟਿਸ਼ ਕੋਲੰਬੀਆ, ਕੈਨੇਡਾ ਦੁਆਰਾ ਰਿਕਾਰਡ ਕੀਤੀਆਂ ਗਈਆਂ ਸਨ। ਭਾਈ ਸਾਹਿਬ ਦੀ ਆਵਾਜ਼ ਬਹੁਤ ਪੁਰ ਅਸਰ ਸੀ। ਭਾਈ ਸਾਹਿਬ ਕੀਰਤਨ ਸ਼ੁੱਧ ਕਲਾਸਿਕੀ ਜਾਂ ਨੀਮ ਕਲਾਸਿਕੀ ਅੰਦਾਜ਼ ਵਿਚ ਕਰਦੇ ਸਨ। ਸੁਰ ਅਤੇ ਤਾਲ ਦੋਹਾਂ ਦੇ ਬਾਦਸ਼ਾਹ ਸਨ।

ਗੁਰਦੁਆਰੇ ਦੀ ਸੇਵਾ ਨਾਲ ਸੰਬੰਧਤ ਹੋਣ ਕਾਰਨ ਏਨਾ ਕੁ ਕਰਨ ਵਿਚ ਸਮਰੱਥ ਸਾਂ ਕਿ ਕੀਰਤਨ ਕਲਾ ਵਿਚ ਨਿਪੁੰਨ ਕੀਰਤਨੀਆਂ ਦੀ ਅਮਰੀਕਾ ਬੁਲਾ ਕੇ ਸੇਵਾ ਕਰ ਸਕਾਂ। ਪਹਿਲੀ ਵਾਰ 1983 ਵਿਚ ਭਾਈ ਸਾਹਿਬ ਦੁਆਰਾ ਪ੍ਰਸਤੁੱਤ ਕੀਰਤਨ ਕੈਸਟ ਤੇ ਸੁਣਿਆ। ਉਸ ਵਕਤ ਤੋਂ ਹੀ ਭਾਈ ਸਾਹਿਬ ਦੀ ਸੇਵਾ ਕਰਨ ਦੀ ਚਾਹ ਮਨ ਵਿਚ ਵਲਵਲੇ ਲੈਣ ਲੱਗੀ।

1984 ਵਿਚ ਸਰਦਾਰ ਪਰਗਟ ਸਿੰਘ, ਜੋ ਅੱਜ ਕੱਲ੍ਹ ਅਮਰੀਕਾ ਦੇ ਸਭ ਤੋਂ ਵੱਡੇ ਗੁਰਦੁਆਰੇ ਰਿੱਚਮੰਡ ਹਿੱਲ ਨਿਊਯਾਰਕ ਦੇ ਜਨਰਲ ਸਕੱਤਰ ਹਨ, ਨਾਲ ਭਾਈ ਸਾਹਿਬ ਦੇ ਸੰਬੰਧ ਵਿਚ ਵਿਚਾਰਾਂ ਕੀਤੀਆਂ। ਸਰਦਾਰ ਪਰਗਟ ਸਿੰਘ ਖੁਦ ਇਕ ਕਲਾਵਾਨ ਕੀਰਤਨੀਏ ਹਨ। ਉਹਨਾਂ ਨੇ ਫੁਰਮਾਇਆ ਕਿ ਭਾਈ ਸਾਹਿਬ ਸਹੀ ਅਰਥਾਂ ਵਿਚ ਇਕ ਉੱਚ ਕੋਟੀ ਦੇ ਕੀਰਤਨੀਏ ਹਨ। ਫੇਰ ਵਿਉਂਤ ਬਣਾਈ ਗਈ ਕਿ ਭਾਈ ਸਾਹਿਬ ਨੂੰ ਅਮਰੀਕਾ ਬੁਲਾਇਆ ਜਾਵੇ।

ਉਹਨਾਂ ਦਿਨਾਂ ਵਿਚ ਗੁਰਦੁਆਰਾ ਰਿੱਚਮੰਡ ਹਿੱਲ ਦੀ ਕਾਰਕਾਰਨੀ ਦੇ ਮੀਤ ਪ੍ਰਧਾਨ ਸਰਦਾਰ ਰਬਿੰਦਰ ਸਿੰਘ ਭਮਰਾ ਸਨ। ਭਮਰਾ ਸਾਹਿਬ ਨੇ ਦੱਸਿਆ ਕਿ ਇਕ ਵਾਰੀ ਪਹਿਲਾਂ ਭੀ ਭਾਈ ਸਾਹਿਬ ਅਮਰੀਕਾ ਬੁਲਾਏ ਗਏ ਸਨ ਲੇਕਿਨ ਉਸ ਦੌਰੇ ਸਮੇਂ ਉਹਨਾਂ ਦੀ ਅਸੀਂ ਸ਼ਰਧਾ ਮੁਤਾਬਕ ਸੇਵਾ ਨਹੀਂ ਕਰ ਸਕੇ। ਗੁਰਦੁਆਰਾ ਰਿੱਚਮੰਡ ਹਿੱਲ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਗਿਆਨੀ ਗੁਰਦੀਪ ਸਿੰਘ ਜੀ ਨੇ ਸੁਝਾਉ ਦਿੱਤਾ ਕਿ ਏਡੇ ਸਤਿਕਾਰਯੋਗ ਕੀਰਤਨੀਏ ਨੂੰ ਜੇਕਰ ਬੁਲਾਉਣਾ ਹੈ ਤਾਂ ਟਿਕਟਾਂ ਭੀ ਭੇਜੀਏ। ਰਾਹਦਾਰੀ ਸਰਦਾਰ ਮਨੋਹਰ ਸਿੰਘ ਸਾਹਨੀ, ਜੋ ਉਹਨਾਂ ਦਿਨਾਂ ਵਿਚ ਗੁਰਦੁਆਰਾ ਰਿੱਚਮੰਡ ਹਿੱਲ ਦੇ ਜਨਰਲ ਸਕੱਤਰ ਸਨ, ਨੇ ਭੇਜੀ। ਹਵਾਈ ਟਿਕਟਾਂ ਦੀ ਸੇਵਾ ਅਸੀਂ ਕੁਝ ਕੀਰਤਨ ਪ੍ਰੇਮੀਆਂ ਨੇ ਕੀਤੀ।

ਅਕਤੂਬਰ 1984 ਨੂੰ ਭਾਈ ਸਾਹਿਬ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪ੍ਰਕਾਸ਼ ਗੁਰਪੁਰਬ ਦੇ ਮੌਕੇ ’ਤੇ ਸਾਡੇ ਕੋਲ ਤਸ਼ਰੀਫ ਲਿਆਏ। ਭਾਈ ਸਾਹਿਬ ਦੇ ਜੱਥੇ ਵਿਚ ਭਾਈ ਅਜੀਤ ਸਿੰਘ ਪ੍ਰਚਾਰਕ, ਭਾਈ ਸਰਬਜੀਤ ਸਿੰਘ ਹਰਮੋਨੀਅਮ ਤੇ ਸਾਥੀ ਅਤੇ ਭਾਈ ਸੁਖਦੇਵ ਸਿੰਘ ਤਬਲੇ ਤੇ ਸਾਥੀ ਸਨ। ਕੀਰਤਨ ਦੇ ਸਵਰ ਸਾਰੇ ਮਿਲਕੇ ਹੀ ਲਗਾਉਂਦੇ ਸਨ। ਸਰਬਜੀਤ ਸਿੰਘ ਨਾਲ ਹੀ ਅਲਾਪ ਭੀ ਲੈਂਦਾ ਸੀ।

ਅਮਰੀਕਾ ਵਿਚ ਗੁਰਪੁਰਬ ਐਤਵਾਰ ਨੂੰ ਮਨਾਏ ਜਾਂਦੇ ਹਨ। ਆਮ ਤੌਰ ’ਤੇ ਗੁਰਪੁਰਬ ਦੀ ਅਸਲ ਤਿਥੀ ਤੋਂ ਬਾਅਦ ਵਾਲੇ ਐਤਵਾਰ ਨੂੰ ਮੁੱਖ ਸਮਾਰੋਹ ਹੁੰਦਾ ਹੈ। ਗੁਰਦੁਆਰਾ ਬ੍ਰਿੱਜਵਾਟਰ ਨਿਊਜਰਸੀ ਵਿਖੇ ਅਸੀਂ ਸ਼ੁੱਕਰਵਾਰ ਸ਼ਾਮ ਨੂੰ ਇਕ ਵਿਸ਼ੇਸ਼ ਕੀਰਤਨ ਦਰਬਾਰ ਆਯੋਜਿਤ ਕੀਤਾ। ਇਸ ਵਿਚ 5 ਜੱਥੇ ਆਮੰਤ੍ਰਿਤ ਕੀਤੇ ਗਏ।ਭਾਈ ਦਿਦਾਰ ਸਿੰਘ ਹੋਰਾਂ ਦੇ ਜੱਥੇ ਦੀ ਵਾਰੀ ਰਾਤ ਨੂੰ 10 ਤੋਂ 11 ਵਜੇ ਤਾਈਂ ਰੱਖੀ ਗਈ। ਸਰਦਾਰ ਪ੍ਰਗਟ ਸਿੰਘ ਅਤੇ ਉਹਨਾਂ ਦੇ ਸੰਬੰਧੀ ਸਰਦਾਰ ਰਣਧੀਰ ਸਿੰਘ ਦੋ ਤਾਨਪੁਰੇ ਲੈ ਕੇ ਭਾਈ ਸਾਹਿਬ ਦੇ ਨਾਲ ਬੈਠੇ। ਮਾਹੌਲ ਏਨਾ ਸੁੰਦਰ ਬੱਝਿਆ ਕਿ ਬਿਆਨ ਨਹੀਂ ਕੀਤਾ ਜਾ ਸਕਦਾ। ਭਾਈ ਸਾਹਿਬ ਨੇ ਜਦੋਂ ਪਹਿਲੀਆਂ ਸੁਰਾਂ ਲਗਾਈਆਂ ਤਾਂ ਸੰਗਤ ਗਦ ਗਦ ਕਰ ਉੱਠੀ। ਭਾਈ ਸਾਹਿਬ ਨੇ ਪਹਿਲਾ ਸ਼ਬਦ ਖਿਆਲੀ ਤਾਲ ਵਿਚ ਪੇਸ਼ ਕੀਤਾ। ਫੇਰ ਦੋ ਸ਼ਬਦ ਗੁਲਦਸਤਿਆਂ ਦੀ ਸ਼ਕਲ ਵਿਚ ਪੇਸ਼ ਕੀਤੇ ਅਤੇ ਇਕ ਹੋਰ ਸ਼ਬਦ ਨੀਮ ਕਲਾਸਿਕੀ ਢੰਗ ਨਾਲ ਪੇਸ਼ ਕੀਤਾ। ਬਿਜਲੀ ਦੇ ਰੰਗ ਬਰੰਗੇ ਲਾਟੂਆਂ ਦੀ ਰੌਸ਼ਨੀ ਵਿਚ ਇੰਝ ਭਾਸਦਾ ਸੀ ਜਿਵੇਂ ਗੁਰੂ

ਨਾਨਕ ਸਾਹਿਬ ਦੇ ਆਗਮਨ ਦੀ ਘੜੀ ਸਾਡੇ ਸਾਹਮਣੇ ਵਾਪਰ ਰਹੀ ਹੈ। ਭਾਈ ਸਾਹਿਬ ਨੇ ਉੱਚੀਆਂ ਅਤੇ ਨੀਵੀਆਂ ਸੁਰਾਂ ਐਨੀ ਆਸਾਨੀ ਨਾਲ ਲਗਾਈਆਂ ਕਿ ਇੰਝ ਜਾਪਦਾ ਸੀ ਜਿਵੇਂ ਮੀਆਂ ਤਾਨ ਸੈਨ ਦੇ ਸਮੇਂ ਵਿਚ ਪਹੁੰਚ ਗਏ ਹੋਈਏ।

ਨਵੰਬਰ ਅਤੇ ਦਸੰਬਰ 1984 ਵਿਚ ਦੋ ਮਹੀਨੇ ਗੁਰਦੁਆਰਾ ਰਿੱਚਮੰਡ ਹਿੱਲ ਨਿਊਯਾਰਕ ਵਿਚ ਕੀਰਤਨ ਦੀਆਂ ਚੌਂਕੀਆਂ ਭਰਨ ਉਪਰੰਤ ਭਾਈ ਸਾਹਿਬ ਗੁਰਦੁਆਰਾ ਬ੍ਰਿੱਜਟਾਵਰ ਵਿਖੇ ਤਿੰਨ ਹਫਤਿਆਂ ਵਾਸਤੇ ਆਏ। ਦਾਸ ਨੇ ਇੰਝ ਸਮਝਿਆ ਕਿ ਜਿੰਨੀ ਭੀ ਭਾਈ ਸਾਹਿਬ ਦੀ ਸੇਵਾ ਕਰ ਹੋਵੇ, ਕੀਤੀ ਜਾਵੇ। ਸੰਗਤ ਦੇ ਕਿਸੇ ਭੀ ਮੈਂਬਰ ਦੇ ਘਰ ਜਦੋਂ ਭੀ ਕੀਰਤਨ ਰੱਖਿਆ ਗਿਆ, ਦਾਸ ਨੇ ਖੁਦ ਭਾਈ ਸਾਹਿਬ ਨੂੰ ਲਿਜਾਣ ਅਤੇ ਲਿਆਉਣ ਦੀ ਸੇਵਾ ਕੀਤੀ। ਜਾਂਦਿਆਂ ਆਉਂਦਿਆਂ ਵਿਚਾਰਾਂ ਭੀ ਹੁੰਦੀਆਂ ਰਹੀਆਂ। ਭਾਈ ਸਾਹਿਬ ਦੀ ਆਵਾਜ਼ ਵਿਚੋਂ ਕਦੀ ਕਦੀ ਕੇ. ਐੱਲ. ਸਹਿਗਲ ਦੀ ਆਵਾਜ਼ ਦੀ ਝਲਕ ਪੈਂਦੀ ਸੀ। ਅਲਾਪ ਲੈਂਦਿਆਂ ਕਈ ਵਾਰੀ ਭੁਲੇਖਾ ਪੈਂਦਾ ਸੀ ਕਿ ਬੜੇ ਗ਼ੁਲਾਮ ਅਲੀ ਖਾਂ ਅਲਾਪ ਲੈ ਰਹੇ ਹਨ ਜਾਂ ਭਾਈ ਦਿਦਾਰ ਸਿੰਘ ਜੀ। ਪਿਆਰ ਨਾਲ ਦਾਸ ਨੇ ਭਾਈ ਸਾਹਿਬ ਨੂੰ ਖਾਂ ਸਾਹਿਬ ਕਹਿਣ ਦੀ ਭੀ ਗੁਸਤਾਖੀ ਕੀਤੀ। ਸੂਰਮੇਂ ਸਿੰਘ ਹੋਣ ਦੇ ਬਾਵਜੂਦ ਭਾਈ ਸਾਹਿਬ ਨੂੰ ਐਨੀ ਬਾਣੀ ਕੰਠ ਸੀ ਕਿ ਤਅਜ਼ੁਬ ਹੁੰਦਾ ਸੀ।

ਭਾਈ ਸਾਹਿਬ ਨਾਲ ਜਾਂਦਿਆਂ ਆਉਂਦਿਆਂ ਉਹਨਾਂ ਨਾਲ ਬਹੁਤ ਵਾਰੀ ਵਿਚਾਰਾਂ ਹੋਈਆਂ। ਭਾਈ ਸਾਹਿਬ ਦੇ ਸੁਭਾਓ ਵਿਚ ਤਿਆਗ ਬਹੁਤ ਸੀ। ਇਕ ਦਿਨ ਦਾਸ ਨੂੰ ਕਹਿਣ ਲੱਗ ਕਿ ਜਿਸ ਕਿਸੇ ਦੇ ਘਰ ਭੀ ਕੀਰਤਨ ਹੋਵੇ, ਉਸ ਨੂੰ ਸਾਡੀ ਭੇਟਾ ਬਾਰੇ ਨਾ ਕਹਿਣਾ। ਜਿਹਨਾਂ ਕਿਸੇ ਦਾ ਪਿਆਰ ਹੈ ਜਾਂ ਜਿੰਨੀ ਉਸ ਦੀ ਸਵੈ-ਇੱਛਾ ਹੈ, ਉਸ ਅਨੁਸਾਰ ਭੇਟਾ ਸਾਨੂੰ ਮਨਜ਼ੂਰ ਹੈ। ਜੇ ਕੋਈ ਨਾ ਭੀ ਭੇਟਾ ਦੇਵੇ ਤਾਂ ਭੀ ਕੋਈ ਹਰਜ਼ ਨਹੀਂ। ਇਹ ਗੱਲ ਮੈਨੂੰ ਪਹਿਲੀ ਵਾਰੀ ਕਿਸੇ ਰਾਗੀ ਸਿੰਘ ਨੇ ਆਖੀ ਸੀ। ਇਸ ਦਾ ਮੇਰੇ ਉੱਪਰ ਬਹੁਤ ਗਹਿਰਾ ਅਸਰ ਹੋਇਆ।

ਦਾਸ ਨੇ ਪੁੱਛਿਆ ਕਿ ਆਪ ਦੀ ਐਨੀ ਮਧੁਰ ਆਵਾਜ਼ ਹੈ, ਐਨੀ ਰਾਗ ਵਿੱਦਿਆ ਪ੍ਰਾਪਤ ਕੀਤੀ ਹੈ ਅਤੇ ਐਨੀ ਬਾਣੀ ਕੰਠ ਹੈ, ਆਪ ਦੀ ਆਵਾਜ਼ ਕਦੀ ਰੇਡੀਓ ਤੋਂ ਨਹੀਂ ਸੁਣੀ। ਭਾਈ ਸਾਹਿਬ ਕਹਿਣ ਲੱਗੇ ਕਿ ਰੇਡੀਓ ਸਟੇਸ਼ਨ ਕੋਈ ਗੁਰਦੁਆਰਾ ਨਹੀਂ ਜਿੱਥੇ ਮੱਥਾ ਟੇਕਣ ਜਾਣਾ ਹੀ ਹੈ। ਰੇਡੀਓ ਸਟੇਸ਼ਨ ਤੇ ਸਾਡਾ ਜੱਥਾ ਬਿਨਾਂ ਬੁਲਾਏ ਨਹੀਂ ਜਾਵੇਗਾ। ਆਖਣ ਲੱਗੇ ਕਿ ਰੇਡੀਓ ਸਟੇਸ਼ਨਾਂ ਤੇ ਅੱਜ ਕੱਲ ਸਿਫਾਰਸ਼ਾਂ ਭੀ ਚੱਲਦੀਆਂ ਹਨ, ਖੁਸ਼ਆਮਦੀਆਂ ਦੀ ਭੀ ਭਰਮਾਰ ਹੈ। ਅਸੀਂ ਤੇ ਉਦੋਂ ਹੀ ਜਾਵਾਂਗੇ ਜਦੋਂ ਉਹ ਖੁਦ ਬੁਲਾਉਣਗੇ। ਬਾਅਦ ਵਿਚ ਸ਼ਾਇਦ ਰੇਡੀਓ ਵਾਲਿਆਂ ਨੇ ਭਾਈ ਸਾਹਿਬ ਨੂੰ ਆਮੰਤਰਤ ਭੀ ਕੀਤਾ, ਇਸ ਸੰਬੰਧ ਵਿਚ ਦਾਸ ਨੂੰ ਗਿਆਨ ਨਹੀਂ ਹੈ।

ਪੁੱਛਣ 'ਤੇ ਭਾਈ ਸਾਹਿਬ ਨੇ ਦੱਸਿਆ ਕਿ ਬਹੁਤ ਛੋਟੀ ਉਮਰ ਵਿਚ ਭਾਈ ਸਾਹਿਬ ਦੇ ਪਰਵਾਰ ਵਾਲੇ ਉਹਨਾਂ ਨੂੰ ਭਾਈ ਦਰਸ਼ਨ ਸਿੰਘ ਕੋਮਲ ਜੀ ਦੇ ਡੇਰੇ ਤੇ ਛੱਡ ਗਏ। ਭਾਈ ਕੋਮਲ ਜੀ ਭੀ ਸੂਰਮੇ ਸਿੰਘ ਸਨ। ਕੋਮਲ ਜੀ ਇਕ ਮਹਾਨ ਕੀਰਤਨ ਸਿਖਾਉਣ ਵਾਲੇ ਸਨ। ਉਹਨਾਂ ਨੇ ਹੋਰਨਾਂ ਤੋਂ ਛੁੱਟ ਭਾਈ ਧਰਮ ਸਿੰਘ ਜ਼ਖਮੀ, ਭਾਈ ਸ਼ਮਸ਼ੇਰ ਸਿੰਘ, ਭਾਈ ਗਿਆਨ ਸਿੰਘ ਸੁਰਜੀਤ ਅਤੇ ਭਾਈ ਬੇਅੰਤ ਸਿੰਘ ਬਿਜਲੀ ਨੂੰ ਭੀ ਕੀਰਤਨ ਸਿਖਾਇਆ।

ਭਾਈ ਦਿਦਾਰ ਸਿੰਘ ਹੋਰੀਂ ਦੱਸਣ ਲੱਗੇ ਕਿ ਕੋਮਲ ਜੀ ਨੇ ਪਹਿਲੇ ਦਸ ਵਰ੍ਹੇ ਕੇਵਲ ਬਾਣੀ ਹੀ ਕੰਠ ਕਰਾਈ ਅਤੇ ਰਾਗ ਵਿੱਦਿਆ ਹੀ ਦਿੱਤੀ। ਫੇਰ ਉਹਨਾਂ ਨੇ ਮੈਨੂੰ ਜੱਥੇਦਾਰ ਬਣਾ ਕੇ ਜੱਥਾ ਬਣਾ ਲਿਆ। ਇਕ ਵਾਰੀ ਤੇ ਕੋਮਲ ਜੀ ਏਨੇ ਖੁਸ਼ ਹੋਏ ਕਿ ਮੇਰੇ ਨਾਲ ਜੋੜੀ ਵਜਾਉਣ ਲੱਗ ਪਏ। ਮੈਂ ਬੜਾ ਮਹਿਸੂਸ ਕਰਨਾ ਕਿ ਕੋਮਲ ਜੀ ਮੇਰੇ ਉਸਤਾਦ ਹਨ, ਉਹ ਮੇਰੇ ਨਾਲ ਜੋੜੀ ਵਜਾਉਂਦੇ ਠੀਕ ਨਹੀਂ ਲਗਦੇ। ਪਰ ਕੋਮਲ ਜੀ ਨੇ ਹਮੇਸ਼ਾ ਇਹੋ ਹੀ ਉੱਤਰ ਦਿੱਤਾ ਕਿ ਤੁਸੀਂ ਚੜ੍ਹਦੀ ਜਵਾਨੀ ਵਿਚ ਹੋ, ਬਤੌਰ ਜੱਥੇਦਾਰ ਤੁਸੀਂ ਹੀ ਢੁਕਦੇ ਹੋ। ਅਜਿਹਾ ਕਰਨਾ ਕੋਮਲ ਜੀ ਦੀ ਮਹਾਨਤਾ ਦਾ ਸਬੂਤ ਹੈ। ਭਾਈ ਦਿਦਾਰ ਸਿੰਘ ਜੀ ਨੇ ਦੱਸਿਆ ਕਿ ਆਪਣੇ ਪਿੰਡ ਨੰਗਲ ਖੁਰਦ ਵਿਖੇ ਅਸੀਂ ਕੋਮਲ ਜੀ ਦੀ ਪਰੰਪਰਾ ਕਾਇਮ ਰੱਖੀ ਹੈ। ਮੈਂ ਭੀ ਸਿੱਖਿਆਰਥੀਆਂ ਨੂੰ ਕੀਰਤਨ ਸਿਖਾਉਂਦਾ ਹਾਂ।

ਪਾਠਕਾਂ ਨੂੰ ਹੈਰਾਨੀ ਹੋਵੇਗੀ ਕਿ ਅਮਰੀਕਾ ਵਿਚ ਲਗਪਗ ਸਾਰੇ ਹੀ ਰੇਡੀਓ ਸਟੇਸ਼ਨ ਅਤੇ ਟੈਲੀਵੀਜ਼ਨ ਸਟੇਸ਼ਨ ਨਿੱਜੀ ਖੇਤਰ ਵਿਚ ਹਨ। ਕੋਈ ਭੀ ਸੰਸਥਾ ਜਾਂ ਵਿਅਕਤੀ ਇਹਨਾਂ ਰੇਡੀਓ ਅਤੇ ਟੈਲੀਵੀਜ਼ਨ ਸਟੇਸ਼ਨਾਂ ਤੇ ਸਮਾਂ ਖਰੀਦ ਸਕਦਾ ਹੈ। ਨਿਊਯਾਰਕ ਇਲਾਕੇ ਦੇ ਸਿੱਖਾਂ ਵਿਚ ਸਰਦਾਰ ਤੇਜਿੰਦਰ ਜੀਤ ਸਿੰਘ ਪਸਰੀਚਾ ਅਤੇ ਸਰਦਾਰ ਤੇਜਿੰਦਰ ਸਿੰਘ ਮਲਿਕ ਵਰਗੇ ਸਿੱਖ ਹਿਤੈਸ਼ੀ ਅਤੇ ਦਾਨੀ ਵਿਅਕਤੀ ਮੌਜੂਦ ਹਨ ਜੋ ਹਰ ਅਵਸਰ ਤੇ ਸਿੱਖੀ ਦੀ ਸੇਵਾ ਕਰਨ ਵਿਚ ਮੋਹਰੀ ਹਨ। ਸਰਦਾਰ ਪਸਰੀਚਾ ਅਤੇ ਸਰਦਾਰ ਮਲਿਕ ਨੇ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਪ੍ਰਕਾਸ਼ ਗੁਰਪੁਰਬਾਂ ਸਮੇਂ ਨਿਊਯਾਰਕ ਦੇ ਇਕ ਟੈਨੀਵੀਜ਼ਨ ਸਟੇਸ਼ਨ ਤੇ ਸਮਾਂ ਖਰੀਦ ਲਿਆ ਸੀ ਅਤੇ ਗੁਰਬਾਣੀ ਤੇ ਆਧਾਰਤ ਟੀ. ਵੀ. ਪ੍ਰੋਗਰਾਮ ਪੇਸ਼ ਕਰਨ ਦਾ ਸ਼ਰਫ ਉਹਨਾਂ ਨੇ ਇਸ ਨਿਮਾਣੇ ਦਾਸ ਨੂੰ ਬਖਸ਼ਿਆ।

ਉਹਨਾਂ ਦਿਨਾਂ ਵਿਚ ਭਾਈ ਦਿਦਾਰ ਸਿੰਘ ਜੀ ਸਾਡੇ ਕੋਲ ਸਨ। ਦਾਸ ਨੇ ਭਾਈ ਸਾਹਿਬ ਨੂੰ ਬੇਨਤੀ ਕੀਤੀ ਕਿ ਦੋਵੇਂ ਗੁਰਪੁਰਬ ਆ ਰਹੇ ਹਨ ਤੁਸੀਂ ਆਪਣੀ ਮਧੁਰ ਆਵਾਜ਼ ਵਿਚ ਸਾਨੂੰ ਕੁਝ ਸ਼ਬਦ ਰਿਕਾਰਡ ਕਰਵਾ ਦਿਉ ਜੋ ਅਸੀਂ ਟੀ. ਵੀ. ਤੇ ਪੇਸ਼ ਕਰਾਂਗੇ। ਭਾਈ ਸਾਹਿਬ ਆਖਣ ਲੱਗੇ ਸਤ ਬਚਨ। ਰਿਕਾਰਡਿੰਗ ਵਾਸਤੇ ਲਿਜਾਂਦਿਆ ਦਾਸ ਨੇ ਭਾਈ ਸਾਹਿਬ ਨੂੰ ਪੁੱਛਿਆ ਕਿ ਇਸ ਰਿਕਾਰਡਿੰਗ ਦੀ ਭੇਟਾ ਕੀ ਲਵੋਗੇ। ਭਾਈ ਸਾਹਿਬ ਕਹਿਣ ਲੱਗੇ ਤੁਸੀਂ ਸਾਡੇ ਨਾਲ ਮਖੌਲ ਨਾ ਕਰੋ। ਰਿਕਾਰਡਿੰਗ ਕਰ ਲਉ ਜੇ ਪਸੰਦ ਆਈ ਤਾਂ ਜੋ ਦਿਓਗੇ ਲੈ ਲਵਾਂਗੇ। ਜੇ ਨਾ ਭੀ ਦਿਉਗੇ ਤਾਂ ਭੀ ਠੀਕ ਹੈ। ਜਿਸ ਵਕਤ ਅਸੀਂ ਰਿਕਾਰਡਿੰਗ ਕਰਨ ਲੱਗੇ ਭਾਈ ਸਾਹਿਬ ਇਕ ਸ਼ਬਦ ਵੱਜਦ ਵਿਚ ਆ ਕੇ ਗਾ ਰਹੇ ਸਨ ਤਾਂ ਪਸਰੀਚਾ ਸਾਹਿਬ ਆ ਗਏ। ਭਾਈ ਸਾਹਿਬ ਦੇ ਗਲੇ ਦੀ ਰਵਾਨਗੀ ਅਤੇ ਉਹਨਾਂ ਦੀ ਭਾਵਨਾ ਭਰਪੂਰ ਆਵਾਜ਼ ਵਿਚ ਜਦੋਂ ਧੁਨਾਂ ਕੰਨੀ ਪਈਆਂ, ਪਸਰੀਚਾ ਸਾਹਿਬ ਨੇ ਭੇਟਾ ਭਾਈ ਸਾਹਿਬ ਦੇ ਅੱਗੇ ਰੱਖ ਦਿੱਤੀ। ਦੁਪਹਿਰ ਦੇ 12 ਵਜੇ ਤੋਂ ਸ਼ਾਮ ਦੇ ਸਾਢੇ ਪੰਜ ਵਜੇ ਤਾਈਂ ਲਗਾਤਾਰ ਭਾਈ ਸਾਹਿਬ ਕੀਰਤਨ ਕਰੀ ਗਏ। ਤਬਲੇ ਵਾਲਾ ਸਾਥੀ ਭੀ ਬਦਲਣਾ ਪਿਆ। ਸਟੂਡੀਓ ਦੇ ਕਰਿੰਦੇ ਭੀ ਥੱਕ ਗਏ। ਪਰ ਭਾਈ ਸਾਹਿਬ ਨੇ ਪਾਣੀ ਤੱਕ ਨਹੀਂ ਮੰਗਿਆ। ਅਸੀਂ ਦੋ ਗੁਰਪੁਰਬਾਂ ਦੀ ਬਜਾਏ ਚਾਰ ਗੁਰਪੁਰਬਾਂ ਯਾਨੀ ਪੰਚਮ ਅਤੇ ਨੌਵੇਂ ਪਿਤਾ ਦੇ ਸ਼ਹੀਦੀ ਗੁਰਪੁਰਬਾਂ ਵਾਸਤੇ ਭੀ ਰਿਕਾਰਡਿੰਗ ਕਰ ਲਈ। ਕੁੱਲ ਰਿਕਾਰਡਿੰਗ 2 ਘੰਟੇ ਦੀ ਬਣ ਗਈ। ਕਈ ਸ਼ਬਦ ਦੁਬਾਰਾ ਰਿਕਾਰਡ ਕਰਨੇ ਪਏ। ਇਸ ਵਾਸਤੇ ਸਮਾਂ ਬਹੁਤ ਲੱਗ ਗਿਆ।

ਰਾਤ ਦੇ ਪਰਸ਼ਾਦੇ ਛਕਾਉਣ ਵਾਸਤੇ ਜਦੋਂ ਦਾਸ ਭਾਈ ਸਾਹਿਬ ਨੂੰ ਆਪਣੇ ਘਰ ਲਿਆਇਆ ਤਾਂ ਡਾਕ ਵਿਚ ਸਰਕਾਰ ਅਮਰਜੀਤ ਸਿੰਘ ਗਰੇਵਾਲ ਸਾਹਿਬ ਦਾ ਇਕ ਹੋਰ ਭੇਟਾ ਦਾ ਚੈੱਕ ਆਇਆ ਪਿਆ ਸੀ। ਇਹ ਚੈੱਕ ਭੀ ਭਾਈ ਸਾਹਿਬ ਨੂੰ ਦੇ ਦਿੱਤਾ। ਦਾਸ ਨੇ ਭਾਈ ਸਾਹਿਬ ਨੂੰ ਆਖਿਆ ਕਿ ਤੁਸੀਂ ਤੇ ਫੁਰਮਾਇਆ ਸੀ ਕਿ ਭੇਟਾ ਭਾਵੇਂ ਨਾ ਹੀ ਦਿਉ ਪਰ ਇਥੇ ਤਾਂ ਦੋਹਰੀ ਭੇਟਾ ਦੀ ਸੇਵਾ ਹੋ ਗਈ। ਭਾਈ ਸਾਹਿਬ ਮੁਸਕਰਾਏ ਅਤੇ ਕਹਿਣ ਲੱਗੇ, ਇਹ ਗੁਰੂ ਦੀ ਕਿਰਪਾ ਹੈ। ਬਾਅਦ ਵਿਚ ਭਾਈ ਸਾਹਿਬ ਦੀ ਆਵਾਜ਼ ਅਮਰੀਕਨ ਰੇਡੀਓ ਤੇ ਭੀ ਗੂੰਜੀ। ਇਥੇ ਅਮਰੀਕਾ ਵਿਚ ਸਾਡੇ ਕੋਲ ਰਿਕਾਰਡਿੰਗ ਦੇ ਸਾਧਨ ਬਹੁਤ ਅੱਛੇ ਹਨ। ਭਾਈ ਸਾਹਿਬ ਦੇ ਜੱਥੇ ਦੀਆਂ ਆਵਾਜ਼ਾਂ ਵਿਚ ਲਗਪਗ 10 ਘੰਟੇ ਦਾ ਕੀਰਤਨ ਸਟੀਰੀਓ ਰਿਕਾਰਡ ਕਰ ਲਿਆ ਗਿਆ ਹੈ।

ਭਾਈ ਬਖਸ਼ੀਸ਼ ਸਿੰਘ ਅਤੇ ਭਾਈ ਸ਼ਮਸ਼ੇਰ ਸਿੰਘ ਹੋਰਾਂ ਦੇ ਇੰਤਕਾਲ ਕਰ ਜਾਣ ਤੋਂ ਬਾਅਦ ਇਥੇ ਅਮਰੀਕਾ ਵਿਚ ਸਿੱਖ ਮਹਿਸੂਸ ਕਰਨ ਲੱਗ ਪਏ ਹਨ ਕਿ ਪੁਰਾਤਨ ਕੀਰਤਨ ਕਲਾ ਦੇ ਨਿਪੁੰਨ ਕੀਰਤਨੀਏ ਜਲਦੀ ਜਲਦੀ ਸਦੀਵੀ ਵਿਛੋੜੇ ਦੇ ਰਹੇ ਹਨ। ਇਹਨਾਂ ਮਹਾਨ ਕੀਰਤਨੀਆਂ ਵਿਚ ਜਿੰਨਿਆਂ ਦੀ ਭੀ ਹੋ ਸਕੇ ਵੱਧ ਤੋਂ ਵੱਧ ਰਿਕਾਰਡਿੰਗ ਕਰ ਲੈਣੀ ਚਾਹੀਦੀ ਹੈ ਤਾਂ ਕਿ ਉਹਨਾਂ ਦੀਆਂ ਆਵਾਜ਼ਾਂ ਅਤੇ ਪੁਰਾਤਨ ਰੀਤਾਂ ਦੀ ਸਦੀਵੀਂ ਸੰਭਾਲ ਹੋ ਸਕੇ। ਭਾਈ ਬਲਬੀਰ ਸਿੰਘ ਜੀ ਕੋਲ ਅਜਿਹਾ ਖਜ਼ਾਨਾ ਕਾਫੀ ਹੈ। ਇਸੇ ਹੀ ਪੱਖ ਦੀ ਪੂਰੀ ਵਾਸਤੇ ਗੁਰਦੁਆਰਾ ਰਿੱਚਮੰਡ ਹਿੱਲ ਨਿਊਯਾਰਕ ਦੇ ਜਨਰਲ ਸਕੱਤਰ ਸਰਕਾਰ ਪਰਗਟ ਸਿੰਘ ਹੋਰਾਂ ਨੇ ਇਕ ਵਾਰੀ ਫੇਰ ਭਾਈ ਦਿਦਾਰ ਸਿੰਘ ਅਤੇ ਜੱਥੇ ਨੂੰ ਅਮਰੀਕਾ ਆਉਣ ਵਾਸਤੇ ਰਾਹਦਾਰੀ ਭੇਜ ਦਿੱਤੀ ਸੀ। ਜੇਕਰ ਭਾਈ ਸਾਹਿਬ ਅਮਰੀਕਾ ਆ ਜਾਂਦੇ ਤਾਂ ਉਹਨਾਂ ਕੋਲ ਮਹਿਫੂਜ਼ ਪੁਰਾਤਨ ਕੀਰਤਨ ਕਲਾ ਦਾ ਜਿੰਨਾ ਭੀ ਖਜ਼ਾਨਾ ਸੀ ਉਹ ਅਸਾਂ ਟੇਪ ਬੰਦ ਕਰ ਲੈਣਾ ਸੀ। ਲੇਕਿਨ ਅਜਿਹਾ ਕਰ ਸਕਣਾ ਸਾਡੇ ਮੁਕੱਦਰ ਵਿਚ ਨਹੀਂ ਸੀ।

ਭਾਈ ਦਿਦਾਰ ਸਿੰਘ ਹੋਰਾਂ ਦੇ ਸਵਰਗਵਾਸ ਹੋਣ ਨਾਲ ਹੋਰ ਮਹਾਨ ਕੀਰਤਨੀਆ ਸਾਡੇ ਦਰਮਿਆਨ ਨਹੀਂ ਰਿਹਾ। ਇਹ ਘਾਟਾ ਪੂਰਾ ਹੋਣ ਵਾਲਾ ਨਹੀਂ। ਕੀਰਤਨੀਏ ਹੋਣ ਦੇ ਨਾਲ ਨਾਲ ਹੀ ਭਾਈ ਸਾਹਿਬ ਸਾਰੰਗੀ ਦੇ ਭੀ ਮਹਾਨ ਵਾਦਕ ਕਲਾਕਾਰ ਸਨ। ਪੰਜਾਬ ਦੇ ਵਧੇਰੇ ਢਾਡੀ ਜੱਥਿਆਂ ਦੇ ਸਾਰੰਗੀ ਮਾਸਟਰ ਭਾਈ ਦਿਦਾਰ ਸਿੰਘ ਹੋਰਾਂ ਦੇ ਹੀ ਸ਼ਾਗਿਰਦ ਹਨ। ਤਬਲਾ ਅਤੇ ਹਰਮੋਨੀਅਮ ਵਜਾਉਣ ਵਿਚ ਭੀ ਭਾਈ ਸਾਹਿਬ ਮਾਹਿਰ ਸਨ। ਭਾਈ ਸਾਹਿਬ ਦੱਸਦੇ ਸਨ ਕਿ ਕੋਮਲ ਜੀ ਨੇ ਕੀਰਤਨ ਕਲਾ ਵਧੇਰੇ ਕਰਕੇ ਭਾਈ ਸਾਈਂ ਦਿੱਤਾ ਜੀ ਪਾਸੋਂ ਪ੍ਰਾਪਤ ਕੀਤੀ। ਇਸ ਤਰ੍ਹਾਂ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੀਆਂ ਪੁਰਾਤਨ ਰੀਤਾਂ ਕੋਮਲ ਜੀ ਨੇ ਸਿੱਖਿਆਂ ਜੋ ਉਹਨਾਂ ਨੇ ਭਾਈ ਦਿਦਾਰ ਸਿੰਘ ਜੀ ਹੋਰਾਂ ਨੂੰ ਭੀ ਸਿਖਾਈਆਂ।

ਜਿਹਨਾਂ ਰਾਗਾਂ ਬਾਰੇ ਗੁਰੂ-ਘਰਾਂ ਦੇ ਕੀਰਤਨੀਏ ਪੂਰੀ ਤਰ੍ਹਾਂ ਮਾਹਿਰ ਨਹੀਂ ਸਨ, ਉਹਨਾਂ ਰਾਗਾਂ ਦੀ ਵਿੱਦਿਆ ਕੋਮਲ ਜੀ ਨੇ ਮੁਲਤਾਨ ਵਿਖੇ ਮੁਸਲਮਾਨ ਉਸਤਾਦਾਂ ਪਾਸੋਂ ਪ੍ਰਾਪਤ ਕੀਤੀ ਅਤੇ ਕਈ ਵਾਰ ਬਨਾਰਸ ਦੇ ਪੰਡਿਤਾਂ ਪਾਸੋਂ ਭੀ ਵਿੱਦਿਆ ਹਾਸਲ ਕੀਤੀ। ਆਪਦਾ ਸਾਰਾ ਜ਼ਖੀਰਾ ਕੋਮਲ ਜੀ ਨੇ ਭਾਈ ਦਿਦਾਰ ਸਿੰਘ ਹੋਰਾਂ ਨੂੰ ਦੇ ਦਿੱਤਾ। ਭਾਈ ਸਾਹਿਬ ਦੇ ਸਵਰਗਵਾਸ ਹੋਣ ਨਾਲ ਕੋਮਲ ਜੀ ਦੀ ਕੀਰਤਨ ਕਲਾ ਦਾ ਸਭ ਤੋਂ ਰੌਸ਼ਨ ਸਿਤਾਰਾ ਡੁੱਬ ਗਿਆ ਹੈ। ਇਹ ਦੋਹਰੀ ਮੌਤ ਹੈ। ਇਕ ਯੁਗ ਦਾ ਖਾਤਮਾ ਹੈ।

16 Junction Pond Lane, Monmouth Junction, New Jersey 8852, USA

# ਭਾਰਤ ਵਿੱਚ ਵਾਇਲਨ ਦਾ ਨਿਕਾਸ ਤੇ ਵਿਕਾਸ

ਹੇਮੰਤ ਕਪਿਲ

ਸੰਗੀਤ ਭਾਵੇਂ ਭਾਰਤੀ ਹੋਵੇ ਜਾਂ ਵਿਦੇਸ਼ੀ, ਲੋਕ ਸੰਗੀਤ ਹੋਵੇ ਜਾਂ ਕਲਾਸੀਕਲ ਸੰਗੀਤ ਇਨਾਂ ਸਭ ਦੇ ਵਿਕਾਸ ਵਿੱਚ ਸਾਜ਼ਾਂ ਦਾ ਵਿਸ਼ੇਸ਼ ਮਹੱਤਵ ਰਿਹਾ ਹੈ। ਇਨ੍ਹਾਂ ਸਾਰਿਆਂ ਸਾਜ਼ਾਂ ਵਿੱਚ ਪੱਛਮ ਸਾਜ਼ਾਂ ਦੀ ਗਿਣਤੀ ਜਿਆਦਾ ਹੈ। ਪਰ ਉਨ੍ਹਾਂ ਪੱਛਮ ਦੇ ਸਾਜ਼ਾਂ 'ਚ ਵਾਇਲਨ ਹੀ ਇੱਕ ਅਜਿਹਾ ਸਾਜ਼ ਹੈ ਜੋ ਪੱਖੋਂ ਭਾਰਤੀ ਸੰਗੀਤ ਵਾਸਤੇ ਠੀਕ ਹੈ ਅਤੇ ਇਸਦੀਆਂ ਖੂਬੀਆਂ ਨੂੰ ਵਿਅਕਤ ਕਰਨ 'ਚ ਸਫਲ ਰਿਹਾ ਹੈ। ਇਸ ਸਾਜ਼ ਦੀ ਲੋਕਪ੍ਰਿਯਤਾ ਕਲਾਸੀਕਲ ਸੰਗੀਤ, ਫਿਲਮੀ ਸੰਗੀਤ, ਲੋਕ ਸੰਗੀਤ, ਆਰਕੈਸਟਰਾ ਵਿੱਚ ਇੱਕੋ ਰੂਪ ਨਾਲ ਵਿਦਵਾਨ ਹੈ। ਭਾਰਤ ਦੀ ਸਭਿਅਤਾ ਸੰਸਕ੍ਰਿਤਕ ਆਚਾਰ-ਵਿਚਾਰ, ਸੰਸਕਾਰਾਂ ਦੀ ਛਾਪ ਅੱਜ ਜਿਨ੍ਹਾਂ ਦੇਸ਼ਾਂ 'ਚ ਮਿਲਦੀ ਹੈ, ਉਨ੍ਹਾਂ ਦੇਸ਼ਾਂ ਵਿੱਚ ਭਾਰਤ ਦੀ ਸਭਿਅਤਾ ਦਾ ਪ੍ਰਚਾਰ ਵੀ ਹੋਣਾ ਹੈ, ਇਹ ਗਲ ਸਿੱਧ ਹੋ ਗਈ ਹੈ। ਨਿਸ਼ਚਿਤ ਤੌਰ ਤੇ ਹੀ ਭਾਰਤੀ ਗੁਣਾਂ ਤੋਂ ਸੰਪੰਨ ਵਾਇਲਨ ਦਾ ਸੰਬੰਧ ਪ੍ਰਾਚੀਨ ਕਾਲ ਵਿੱਚ ਭਾਰਤ ਨਾਲ ਹੋਵੇਗਾ। ਵਾਇਲਨ ਭਾਰਤੀ ਸੰਗੀਤ ਦੇ ਨਾਲ-ਨਾਲ ਪੱਛਮ ਸੰਗੀਤ ਨੂੰ ਵੀ ਉਸੇ ਤਰ੍ਹਾਂ ਵਿਅਕਤ ਕਰਨ ਦੀ ਸਮਰੱਥਾਂ ਰੱਖਦਾ ਹੈ। ਵਾਇਲਨ ਦਾ ਜੋ ਰੂਪ ਅੱਜ ਹੈ ਉਹ ਪੱਛਮ ਦੇਸ਼ਾਂ ਤੋਂ ਵਿਕਸਤ ਹੋਇਆ ਹੈ, ਇਸ ਕਰਕੇ ਪੱਛਮ ਦੇਸ਼ਾਂ ਦੇ ਕੁੱਝ ਗੁਣ ਇਸਦੇ ਵਿੱਚ ਵੇਖਣ ਨੂੰ ਮਿਲਦੇ ਹਨ। ਵਾਇਲਨ ਦੇ ਸੱਚੇ ਸਰੂਪ ਨੂੰ ਜਾਣਨ ਲਈ ਉਸਦੇ ਹਜ਼ਾਰਾਂ ਸਾਲ ਪਹਿਲੇ ਇਤਿਹਾਸ ਨੂੰ ਵੀ ਜਾਣਨਾ ਪਵੇਗਾ ਕਿ ਵਾਇਲਨ ਪੱਛਮ ਦੇਸ਼ਾਂ ਦੀ ਉਪਜ ਹੈ ਕਿ ਭਾਰਤ ਦੀ।

ਵਾਇਲਨ ਬਾਰੇ ਚੰਗੀ ਤਰ੍ਹਾਂ ਜਾਣਨ ਲਈ ਸਾਨੂੰ ਭਾਰਤ ਦੇ ਸਾਜ਼ਾਂ ਦੇ ਇਤਿਹਾਸ ਨੂੰ ਵੀ ਖੋਜ ਦਾ ਵਿਸ਼ਾ ਬਣਾਉਣਾ ਪਵੇਗਾ। ਭਾਰਤ ਵਿੱਚ ਸਾਜ਼ਾਂ ਦੀ ਪਰੰਪਰਾ ਬਹੁਤ ਪੁਰਾਣੀ ਹੈ। ਵੇਦਾਂ ਵਿੱਚ ਵੀਣਾ ਸਾਜ਼ ਦੀ ਚਰਚਾ ਆਈ ਹੈ। ਸਾਮਗਾਨ ਦੇ ਸਮੇਂ ਸਾਮ ਗਾਇਕਾਂ ਨਾਲ ਔਰਤਾਂ ਵੀ ਵੀਣਾਂ ਸਾਜ਼ ਦੀ ਵਰਤੋਂ ਕਰਦੀਆਂ ਸਨ। ਵੇਦਾਂ ਦੇ ਸਾਮ ਗਾਇਕਾਂ ਅਨੁਸਾਰ ਵੀਣਾ ਦੀ ਪ੍ਰਚੀਨਤਾ ਅੱਕਟ ਰੂਪ ਨਾਲ ਸਿੱਧ ਹੁੰਦੀ ਹੈ, ਪਰ ਜੋ ਪੱਛਮ ਦੇ ਵਿਦਵਾਨ ਵੇਦ ਨੂੰ ਮਨੁੱਖ ਦੀ ਰਚਨਾ ਮੰਨਦੇ ਹਨ, ਉਸ ਦ੍ਰਿਸ਼ਟੀ ਨਾਲ ਵੀ ਵੇਦ ਦੀ ਪ੍ਰਾਚੀਨਤਾ ਦੇ ਨਾਲ-ਨਾਲ ਭਾਰਤ ਦੀ ਸਾਜ਼ ਪਰੰਪਰਾ ਦੀ ਪ੍ਰਾਚੀਨਤਾ ਸਿੱਧ ਹੁੰਦੀ ਹੈ। ਭਾਰਤੀ ਸੰਗੀਤ ਦੇ ਪ੍ਰਾਚੀਨ ਗ੍ਰੰਥ ਆਚਾਰੀਆਂ ਭਰਤ ਮੁਨੀ ਦੁਆਰਾ ਰਚਿਤ 'ਨਾਟਯ ਸ਼ਾਸਤ੍ਰ' ਵਿੱਚ ਵੀਣਾਂ ਦੇ ਰੂਪਾਂ ਦੀ ਚਰਚਾ ਹੈ। ਇਸ ਤੋਂ ਬਿਨਾਂ ਇਸ ਵਿੱਚ ਪੂਰਵ ਵਾਲਮੀਕਿ ਰਾਮਾਯਣ ਵਿੱਚ ਭਰਤ ਮੁਨੀ ਦੇ ਨਾਟਸ਼ਾਸਤ੍ਰ ਨਾਲ ਮਿਲਦੇ ਜੁਲਦੇ ਸੰਗੀਤ ਸਿਧਾਂਤਾਂ ਦਾ ਵਰਣਨ ਹੈ, ਜਿਸਦੇ ਨਾਲ ਪੂਰਵ ਕਾਲ ਵਿੱਚ ਭਾਰਤ ਦੇ ਸਾਜ਼ਾਂ ਦੀ ਪਰੰਪਰਾ ਪ੍ਰਮਾਣਾ ਸਹਿਤ ਸਿੱਧ ਹੁੰਦੀ ਹੈ। ਨਾਰਦ ਦੀ ਪ੍ਰਸਿੱਧੀ ਵੀਣਾ ਵਾਦਕ ਦੇ ਰੂਪ ਵਿੱਚ ਹੀ ਹੈ। ਸਰਸਵਤੀ, ਗਣੇਸ਼ ਆਦਿ ਦੇਵੀ-ਦੇਵਤਾਵਾਂ, ਤੁੰਬਰੂ ਆਦਿ ਗੰਧਰਵਾਂ ਨੂੰ ਵੀ ਮ੍ਰਿਦੰਗ, ਸਾਜ਼ ਅਤੇ ਵੀਣਾ ਵਾਦਕ ਮੰਨਿਆ ਜਾਂਦਾ ਹੈ। ਇਸਦੇ ਨਾਲ ਭਾਰਤੀ ਸਾਜ਼ਾਂ ਦੀ ਪਰੰਪਰਾ ਸਿੱਧ ਹੁੰਦੀ ਹੈ।

ਵਾਇਲਨ ਦੇ ਜਨਮ ਬਾਰੇ ਕਈ ਤਰ੍ਹਾਂ ਦੇ ਵਿਚਾਰ ਪ੍ਰਸਿੱਧ ਹਨ। ਇਕ ਵਿਚਾਰ ਦੇ ਅਨੁਸਾਰ ਈਸਾ ਨਾਲੋਂ 5000 ਸਾਲ ਪਹਿਲਾਂ ਲੰਕਾ ਦੇ ਰਾਜਾ ਰਾਵਣ ਨੇ ਇੱਕ ਪ੍ਰਕਾਰ ਦਾ 'ਇੱਕ ਤਾਰ ਵਾਲਾ' ਸਾਜ਼ ਇਜਾਦ ਕੀਤਾ ਸੀ, ਅਤੇ ਉਸਨੂੰ ਗਜ਼ ਨਾਲ ਵਜਾਇਆ ਜਾਂਦਾ ਸੀ। ਉਹੀ ਇੱਕ ਤਾਰ ਵਾਲਾ ਸਾਜ਼ 11ਵੀਂ ਸਦੀ ਦੇ ਅੰਤ ਵਿੱਚ ਭਾਰਤ ਤੋਂ ਹੋ ਕੇ ਪਰਸ਼ੀਆਂ, ਅਰਬ ਅਤੇ ਸਪੇਨ ਤੋਂ ਹੁੰਦਾ ਹੋਇਆ ਪੱਛਮ ਪਹੁੰਚਿਆ ਅਤੇ ਉਸੇ ਤਰ੍ਹਾਂ ਦੇ ਵਾਇਲਨ ਦੀ ਇਜਾਦ ਹੋਈ।

ਵੀਣਾ ਭਾਰਤੀ ਤਾਰ ਸਾਜ਼ਾਂ ਦੀ ਜਨਨੀ ਮੰਨੀ ਜਾਂਦੀ ਹੈ। ਵੀਣਾ ਦੇ ਸਪਤਤੰਤ੍ਰੀ, ਨਵਤੰਤ੍ਰੀ, ਸਤਤੰਤ੍ਰੀ ਆਦਿ ਅਨੇਕਾਂ ਪ੍ਰਕਾਰ ਹਨ। ਇਸਦੇ ਨਾਲ ਸਾਮਦੇਵ ਦੀਆਂ ਰਚਨਾਵਾਂ ਦੇ ਨਾਲ ਵਜਾਈ ਜਾਣ ਵਾਲੀ 10 ਤਰ੍ਹਾਂ ਦੀ ਵੀਣਾ ਦਾ ਵਰਣਨ ਅਨੇਕਾਂ ਸੰਗੀਤ ਗ੍ਰੰਥਾਂ ਅਤੇ ਪੁਰਾਣਾਂ ਵਿੱਚੋਂ ਪ੍ਰਾਪਤ ਹੁੰਦਾ ਹੈ। ਜਿਸਦੇ ਨਾਲ ਭਾਰਤ ਦੇ ਸਾਜ਼ਾਂ ਦਾ ਅੰਦਾਜਾ ਲੱਗ ਜਾਂਦਾ ਹੈ। ਪ੍ਰਤਿਕੂਲ ਪਰਿਸਥਿਤੀਆਂ ਦੇ ਕਾਰਨ ਇਹਨਾਂ ਦੇ ਕਈ ਪ੍ਰਕਾਰ ਲੁਪਤ ਹੋ ਗਏ ਹਨ, ਜਿਸ ਕਰਕੇ ਭਾਰਤੀ ਸਾਜ਼ਾਂ ਦੀ ਗਿਣਤੀ ਘਟਦੀ ਗਈ। ਇਸਦੇ ਫਲਸਰੂਪ ਕਈ ਆਧੁਨਿਕ ਸਾਜ਼ਾਂ ਦਾ ਮੂਲ ਆਧਾਰ ਭਾਰਤੀ ਸਾਜ਼ ਹੀ ਰਹੇ , ਬਾਅਦ ਵਿੱਚ ਪੱਛਮ ਦੇ ਕਹੇ ਜਾਣ ਲੱਗੇ। ਵੀਣਾ ਨੂੰ ਪ੍ਰਾਚੀਨ ਕਾਲ ਵਿੱਚ ਕੋਣ (ਮਿਜ਼ਰਾਬ) ਉਂਗਲੀ ਦੇ ਅਤੇ ਧੁਨੁਸ਼ (ਗਜ) ਨਾਲ ਵਜਾਇਆ ਜਾਂਦਾ ਸੀ। ਕੋਣ ਲੋਹੇ ਜਾਂ ਲੱਕੜ ਦਾ ਹੁੰਦਾ ਸੀ। ਸਿਤਾਰ, ਸਰੋਦ ਆਦਿ ਕੋਣ ਨਾਲ ਵਜਾਏ ਜਾਂਦੇ ਸਨ ਅਤੇ ਸਾਰੰਗੀ, ਇਸਰਾਜ, ਵਾਇਲਨ ਆਦਿ ਗਜ ਨਾਲ ਵਜਾਏ ਜਾਂਦੇ ਸਨ। ਇਸ ਕਰਕੇ ਇਨ੍ਹਾਂ ਦੀ ਉਤਪੱਤੀ ਪ੍ਰਾਚੀਨ ਸਾਜਾਂ ਨਾਲ ਮੰਨੀ ਜਾ ਸਕਦੀ ਹੈ ਜੋ ਉਸ ਕਾਲ ਵਿੱਚ ਕੋਣ ਜਾਂ ਗਜ ਨਾਲ ਵਜਾਏ ਜਾਂਦੇ ਸਨ। ਵਸਤਾਂ ਦੀ ਰਗੜ ਨਾਲ ਆਵਾਜ਼ ਪੈਦਾ ਕਰਨ ਦੀ ਥਾਂ ਕਿਸੇ ਚੀਜ ਨਾਲ ਸਪਰਸ਼ ਕਰਕੇ ਆਵਾਜ਼ ਕੱਢਣਾ ਜ਼ਿਆਦਾ ਸੋਖਾ ਦਿੱਸਦਾ ਹੈ। ਇਸਦੇ ਅਨੁਸਾਰ ਗਜ ਨਾਲ ਵਜਣ ਵਾਲੇ ਸਾਜ਼ਾਂ ਤੋਂ ਪਹਿਲਾਂ ਕੋਣ ਨਾਲ ਵਜੱਣ ਵਾਲੇ ਸਾਜ਼ ਬਣੇ ਹੋਏ ਹੋਣਗੇ। ਸਿੰਧੂ ਘਾਟੀ ਦੀ ਖੁਦਾਈ ਨਾਲ ਪ੍ਰਾਪਤ ਚਿਨ੍ਹਾਂ ਤੋਂ ਪਤਾ ਚਲਦਾ ਹੈ ਕਿ ਈਸਾ ਤੋਂ 3500 ਸਾਲ

ਪਹਿਲਾਂ ਕੋਣ ਨਾਲ ਵਜਾਏ ਜਾਣ ਵਾਲੇ ਸਾਜ਼ ਪ੍ਰਚਲਿਤ ਸਨ। ਉਸੇ ਖੁਦਾਈ ਤੋਂ ਇਹ ਵੀ ਪਤਾ ਚਲਦਾ ਹੈ ਕਿ ਗਜ਼ ਨਾਲ ਵਜਣ ਵਾਲਾ ਕੋਈ ਗਜ਼ ਉਸ ਸਮੇਂ ਭਾਰਤ ਦੇ ਲੰਕਾ ਦੀਪ 'ਚ ਪ੍ਰਚਲਿਤ ਸੀ। ਇਸ ਪ੍ਰਮਾਣ ਨਾਲ ਗਜ ਨਾਲ ਵਜਣ ਵਾਲੇ ਭਾਰਤੀ ਸਾਜਾਂ ਦਾ ਕਾਲ 3500 ਸਾਲ ਪਹਿਲਾਂ ਸਿੱਧ ਹੁੰਦਾ ਹੈ।

ਭਾਰਤ ਤੋਂ ਬਾਅਦ ਗਜ਼ ਜਾਂ ਧਨੁਸ਼ ਨਾਲ ਵਜਣੱ ਵਾਲੇ ਸਾਜਾਂ ਦਾ ਪ੍ਰਯੋਗ ਅਰਬ ਵਿੱਚ ਹੋਇਆ 'ਰਬਾਬੋ' ਨਾਮ ਦਾ ਸਾਜ਼ ਧਨੁਸ਼ ਨਾਲ ਵਜਾਇਆ ਜਾਂਦਾ ਸੀ। 14ਵੀਂ ਸਦੀ ਵਿੱਚ ਕਾਮਨ ਦੇਸ਼ ਅਤੇ ਤੁਰਕ ਦੇਸ਼ ਵਿੱਚ ਉਸੇ ਤਰ੍ਹਾਂ ਦਾ ਸਾਜ਼ੋ ਗਿਜਾਕੋ ਪ੍ਰਚਲਿਤ ਸੀ। ਪਹਿਲਾਂ 9ਵੀਂ ਸਦੀ ਵਿੱਚ ਅਫ਼ਗਾਨ ਅਤੇ ਅਰਬ ਦੇਸ਼ੀ ਨੇ ਭਾਰਤ ਤੋਂ ਗਜ ਦਾ ਪ੍ਰਯੋਗ ਕਰਨਾ ਸਿੱਖਿਆ। 14ਵੀਂ ਸਦੀ 'ਚ ਰਬਾਬ ਦਾ ਪੱਛਮੀਕਰਣ ਰਿਬੇਕੋ ਦੇ ਨਾਂ ਤੋਂ ਹੋਇਆ। ਰਿਬੇਕੋ ਨੂੰ ਹੀ ਪੱਛਮ ਦੇ ਸੰਗੀਤ ਵਿਦਵਾਨ ਵਾਇਲਨ ਦਾ ਪਹਿਲਾ ਰੂਪ ਮੰਨਦੇ ਹਨ। ਇਸ ਨਾਲ ਇਹ ਗੱਲ ਸਿੱਧ ਹੁੰਦੀ ਹੈ ਕਿ ਧਨੁਸ਼ ਦਾ ਪ੍ਰਯੋਗ ਪੱਛਮ ਦੇਸ਼ਾਂ 'ਚ 14ਵੀਂ ਸਦੀ ਤੋਂ ਸ਼ੁਰੂਹੋਇਆ। ਉਸ ਤੋਂ ਬਾਅਦ ਵਾਇਲਨ ਨੂੰ ਆਪਣਾ ਵਰਤਮਾਨ ਰੂਪ ਪਾਉਣ ਲਈ ਕਈ 100 ਸਾਲਾਂ ਦਾ ਸਮਾਂ ਲੱਗਿਆ। ਪੱਛਮ ਦੇਸ਼ਾਂ ਵਿੱਚ ਗਜ ਦੇ ਪ੍ਰਯੋਗ ਦਾ ਕਾਲ 12ਵੀਂ ਸਦੀ ਤੋਂ ਬਾਅਦ ਦਾ ਹੀ ਮੰਨਿਆ ਜਾ ਸਕਦਾ ਹੈ। ਜਦ ਦੀ ਭਾਰਤ ਵਿੱਚ ਗਜ ਪ੍ਰਯੋਗ ਕਾਲ ਦਾ ਪ੍ਰੱਤਖ ਪ੍ਰਮਾਣ ਈਸਾਂ ਤੋਂ 3500 ਸਾਲ ਪਹਿਲਾਂ ਹੋਇਆ ਹੈ। ਇਨ੍ਹਾਂ ਤਥਾਂ ਤੋਂ ਇਹ ਗੱਲ ਸਿੱਧ ਹੁੰਦੀ ਹੈ ਕਿ ਸਾਜ ਨੂੰ ਵਜਾਉਣ ਲਈ ਗਜ ਦਾ ਸਭ ਤੋਂ ਪਹਿਲੀ ਸ਼ੁਰੂਆਤ ਭਾਰਤ ਤੋਂ ਹੁੰਦੀ ਹੈ।

ਪ੍ਰਾਚੀਨ ਗ੍ਰੰਥਾਂ ਵਿੱਚ ਆਏ ਵੀਣਾਂ ਦੇ ਰੂਪਾਂ ਵਿੱਚ ਪਿਨਾਕੀ, ਕਾਪ ਸ਼ੀਰਸ਼ਨੀ, ਕੂਰਮਾਂ ਆਦਿ ਜੀਵਾਂ ਦੇ ਨਾਵਾਂ ਵਾਲੀ ਵੀਣਾਂ ਉਨ੍ਹਾਂ ਜੀਵਾਂ ਦੇ ਰੂਪ ਦੀ ਤਰ੍ਹਾਂ ਹੀ ਪ੍ਰਤੀਤ ਹੁੰਦੀਹੈ। ਭਗਵਾਨ ਸ਼ੰਕਰ ਦੇ ਧਨੁਸ਼ ਦਾ ਨਾਂ ਪਿਨਾਕ ਸੀ। ਪਿਨਾਕੀ ਵੀਣਾ ਦਾ ਰੂਪ ਪਿਨਾਕ ਵਰਗਾ ਹੋਣ ਕਰਕੇ ਉਸਦਾ ਨਾਂ ਪਿਨਾਕੀ ਰੱਖਿਆ ਗਿਆ। ਧਨੁਸ਼ਾਕਾਰ ਰੂਪ ਸਥਿਰ ਰੱਖਣ ਲਈ ਦੋਨਾਂ ਕਿਨਾਰਿਆਂ ਨੂੰ ਧਨੁਸ਼ ਦੇ ਸਮਾਨ ਝੁਕਾ ਕੇ ਰੱਸੀ ਨਾਲ ਬੰਨ ਦਿੱਤਾ ਜਾਂਦਾ ਸੀ। ਸੱਜੇ ਹੱਥ ਨਾਲ ਗਜ ਦਾ ਸੰਚਾਲਨ ਕਰਦੇ ਹੋਏ ਜਿਸ ਉੱਤੇ ਘੋੜੇ ਦੀ ਪੂਛ ਦੇ ਵਾਲ ਲੱਗੇ ਹੁੰਦੇ ਹਨ, ਵਾਲਾਂ ਨੂੰ ਰਗੜ੍ਹ ਕੇ ਖੱਬੇ ਹੱਥ ਨਾਲ ਤੰਤ੍ਰੀ ਨੂੰ ਦਬਾਕੇ ਆਵਾਜ (ਸਵਰ)ਪੈਦਾ ਕੀਤੀ ਜਾਂਦੀ ਸੀ। ਇਕ ਸਿਰੇ ਨੂੰ ਮੋਡੇ ਉੱਤੇ ਰੱਖਣਾ, ਦੂਜੇ ਨੂੰ ਪੈਰਾਂ ਉੱਤੇ ਰੱਖਣਾ, ਤੰਤ੍ਰੀ ਨੂੰ ਉਂਗਲੀਆਂ ਨਾਲ ਦਬਾਕੇ ਪੂਰੀ ਆਵਾਜ ਪੈਦਾ ਕਰਨਾ, ਸੱਜੇ ਹੱਥ ਨਾਲ ਧਨੁਸ਼ ਨੂੰ ਚਲਾਉਣਾ ਆਦਿ ਲੱਛਣ ਵਾਇਲਨ ਨੂੰ ਵਜਾਉਣ ਦੇ ਨੇਮਾਂ ਨਾਲ ਜਿਉਂ ਦੇ ਤਿਉਂ ਮਿਲਦੇ ਹਨ। ਪ੍ਰਚਲਿਤ ਵਾਇਲਨ ਦਾ ਸ਼ਰੀਰ ਪੂਰੀ ਤਰ੍ਹਾਂ ਕੱਛੂ ਦੇ ਰੂਪ ਨਾਲ ਮਿਲਦਾ ਹੈ। ਕੱਛੂ ਦੇ ਸ਼ਰੀਰ ਵਿੱਚ ਜਿਸ ਤਰਾਂ ਕੁਝ ਉਠਿਆ ਹੁੰਦਾ ਹੈ ਅਤੇ ਕਿਨਾਰੇ ਦਾ ਹਿੱਸਾ ਢਾਲ ਯੁਕਤ ਹੁੰਦਾ ਹੈ। ਪਿਨਾਕੀ ਅਤੇ ਕਛੂ ਵੀਣਾ ਦੇ ਮਿਸ਼੍ਰਣ ਨਾਲ ਹੀ ਵਾਇਲਨ ਦਾ ਨਿਰਮਾਣ ਹੋਇਆ ਹੈ। ਇਹ ਅਨੁਮਾਨ ਸੱਚ ਪ੍ਰਤੀਤ ਹੁੰਦਾ ਹੈ। ਬਾਅਦ ਵਿੱਚ ਜਿਸ ਤਰ੍ਹਾਂ ਤ੍ਰਿਤੰਤ੍ਰੀ, ਸ਼ਤਤੰਤ੍ਰੀ, ਸਪਤਤੰਤ੍ਰੀ ਆਦਿ ਵੀਣਾ ਦੇ ਰੂਪ ਪ੍ਰਚਲਿਤ ਹੋਏ ਉਸੇ ਤਰ੍ਹਾਂ ਪਿਨਾਕੀ ਵੀਣਾਂ ਅਤੇ ਕੱਛਪੀ ਵੀਣਾ ਦੇ ਰੂਪ ਵਿੱਚ ਵੀ ਪਰਿਵਰਤਨ ਹੋਇਆ ਹੋਵੇਗਾ। ਇਹੀ ਪਰਿਵਰਤਤ ਰੂਪ ਵਿਦੇਸ਼ੀਆਂ ਦੇ ਨਾਲ ਭਾਰਤ ਤੋਂ ਬਾਹਰ ਗਿਆ ਅਤੇ ਉਸ ਵਿੱਚ ਸਮੇਂ ਸਮੇਂ ਅਨੁਸਾਰ ਸੁਧਾਰ ਹੁੰਦਾ ਗਿਆ।

## ਵਾਇਲਨ ਦੇ ਵਿਕਾਸ ਦਾ ਲੋਕ ਸੰਗੀਤਕ ਆਧਾਰ

ਭਾਰਤ ਦੇ ਵਿਭਿੰਨ ਰਾਜਾਂ ਵਿੱਚ ਲੋਕ ਧੁਨਾਂ ਦਾ ਅਟੁਟ ਖਜਾਨਾ ਭਰਿਆ ਹੋਇਆ ਹੈ। ਇਸ ਸੰਬੰਧੀ ਹੋਈਆ ਖੋਜਾਂ ਤੋਂ ਪਤਾ ਚਲਦਾ ਹੈ ਕਿ ਕਲਾਸੀਕਲ ਰਾਗਾਂ ਦੀ ਉਤਪੱਤੀ ਲੋਕ ਧੁਨਾਂ ਤੋਂ ਹੋਈ। ਚਰਮ ਸਾਜ਼ਾ, ਘਨ ਸਾਜਾਂ, ਤੰਤ੍ਰੀ ਸਾਜ਼ਾਂ ਅਤੇ ਸੁਸ਼ਿਰ ਸਾਜ਼ਾਂ ਦੇ ਅਨੇਕ ਪ੍ਰਕਾਰ ਲੋਕ ਸਾਜਾਂ ਨਾਲ ਮਿਲਦੇ ਜੁਲਦੇ ਹਨ। ਵਾਇਲਨ ਵਰਗਾ ਲੋਕ ਸਾਜ ਸਾਰੰਗੀ ਅਤੇ 'ਬਾਨਾ' ਛੱਤੀਸਗੜ੍ਹ ਵਿੱਚ ਅੱਜ ਵੀ ਪ੍ਰਚਲਿਤ ਹਨ। ਇਨ੍ਹਾਂ ਸਾਜਾਂ ਨੂੰ ਵਾਇਲਨ ਦੇ ਪੁਰਾਤਨ ਰੂਪ ਵਿੱਚ ਪਹਿਚਾਨਿਆ ਜਾ ਸਕਦਾ ਹੈ ਕਿਉਂਕਿ ਇਨ੍ਹਾਂ ਦੀ ਵਾਦਨ ਸ਼ੈਲੀ, ਬਨਾਵਟ, ਵਜਾਉਣਾ ਆਧੁਨਿਕ ਵਾਇਲਨ ਵਰਗਾ ਹੀ ਹੈ। ਇਨ੍ਹਾਂ ਸਾਜਾਂ ਦੀ ਪਰੰਪਰਾਂ ਹਜਾਰਾਂ ਸਾਲਾਂ ਦੀ ਲੱਗਦੀ ਹੈ ਜਿਨ੍ਹਾਂ ਵਿੱਚ ਇਹ ਸਾਜ਼ ਧਰਮ ਅਤੇ ਕੁਲ ਪਰੰਪਰਾਗਤ ਕਰਮ ਦੇ ਰੂਪ ਵਿੱਚ ਪ੍ਰਚਲਿਤ ਹਨ। ਉਨ੍ਹਾਂ ਜਾਤੀਆਂ ਦਾ ਰਹਿਣ ਸਹਿਣ ਅਜੇ ਵੀ ਆਦਮ ਕਾਲ ਵਰਗਾ ਹੀ ਹੈ। ਛਤੀਸਗੜ੍ਹ ਵਿਖੇ 'ਦੇਵਾਰ' ਜਾਤੀ ਦੇ ਲੋਕ ਪਿੰਡਾਂ ਤੋਂ ਬਾਹਰ ਝੋਪੜੀਆਂ ਬਣਾ ਕੇ ਰਹਿੰਦੇ ਹਨ। ਜਿਵੇਂ ਕੁੱਤੇ ਅਤੇ ਸੂਰ ਪਾਲਣਾ, ਚਿੜ੍ਹੀਆਂ ਨੂੰ ਜਾਲ 'ਚ ਫਸਾ ਕੇ ਉਦਰ ਪੂਰਤੀ ਕਰਨਾ ਇਨ੍ਹਾਂ ਦਾ ਨਿੱਤ ਦਾ ਕੰਮ ਹੈ ਉਸੀ ਤਰ੍ਹਾਂ ਸਾਰੰਗੀ ਵਜਾ ਕੇ ਭੀਖ ਮੰਗਣਾ ਵੀ ਇਹ ਲੋਕ ਆਪਣਾ ਜਾਤੀ ਕਰਮ ਸਮਝਦੇ ਹਨ। ਇਸ ਸਾਜ ਵਿੱਚ ਇੱਕ ਤਾਰ ਹੁੰਦਾ ਹੈ। ਇੱਕ ਸਿਰੇ ਉੱਤੇ ਮਿੱਟੀ ਦੇ ਦੀਵੇ ਵਰਗੀ ਇੱਕ ਚੀਜ਼ ਨੂੰ ਚਮੜੇ ਨਾਲ ਮੜ ਕੇ ਉਸੀ 'ਚ ਕਰੀਬ ਇੱਕ-ਡੇਢ ਫੁੱਟ ਦਾ ਡੰਡਾ ਲਾ ਕੇ ਡੰਡੇ ਦੇ ਦੂਜੇ ਸਿਰੇ ਵਿੱਚ ਇੱਕ ਸਿਰੇ ਨਾਲ ਤਾਰ ਲਪੇਟਿਆ ਜਾਂਦਾ ਸੀ। ਛੋਟੇ ਧਨੁਸ਼ ਦੇ ਸਮਾਨ ਇੱਕ ਕਮਾਣੀ ਵਿੱਚ ਘੋੜੀ ਦੀ ਪੂਛ ਦੇ ਵਾਲ ਲਗਾਕੇ ਤਾਰ ਉੱਤੇ ਰਗੜ ਕੇ ਆਵਾਜ਼ ਪੈਦਾ ਕੀਤੀ ਜਾਂਦੀ ਹੈ। ਤਾਰ ਉੱਤੇ ਉਂਗਲੀਆਂ ਨੂੰ ਵਾਇਲਨ ਦੀ ਤਰ੍ਹਾਂ ਰੱਖ ਕੇ ਦੇਵਾਰ ਲੋਕ ਵੱਖਰੇ ਸੁਰਾਂ ਤੋਂ ਉਤਪੰਨ ਕਰਦੇ ਹੋਏ ਲੋਕ ਗੀਤਾਂ ਦੀ ਧੁਨ ਵਜਾਕੇ ਗੀਤ ਵੀ ਗਾਉਂਦੇ ਹਨ। ਜਿਸ ਤਰ੍ਹਾਂ ਪਛੱਮ ਸ਼ੈਲੀ 'ਚ ਵਾਇਲਨ ਦੇ ਸ਼ਰੀਰ ਨੂੰ ਠੁਡੀ ਵਿੱਚ ਲਗਾ ਕੇ ਅਤੇ ਗ੍ਰੀਵਾ ਨੂੰ ਅੰਗੂਠਾ ਅਤੇ ਛੋਟੀ ਉਂਗਲ ਦੇ ਵਿਚਲੇ ਭਾਗ ਵਿੱਚ ਰੱਖਦੇ ਵਜਾਇਆ ਜਾਂਦਾ ਹੈ। ਉਸੀ ਤਰ੍ਹਾਂ ਸਾਰੰਗੀ ਵਜਾਉਣ ਦਾ ਵੀ ਆਪਣਾ

ਨੇਮ ਹੈ। ਪਿੰਡਾਂ ਦੇ ਬਾਹਰ ਵਸਣ ਵਾਲੀਆਂ ਜਾਤਾਂ ਜਿਵੇਂ ਵਿਆਦ, ਚੰਡਾਲ ਆਦਿ ਦਾ ਰਹਿਣ-ਸਹਿਣ, ਆਚਾਰ-ਵਿਚਾਰ, ਕਮ-ਕਾਜ ਆਦਿ ਦਾ ਜੋ ਵਰਣਨ ਮਨੁਸਮ੍ਰਿਤੀ ਵਿੱਚ ਕੀਤਾ ਗਿਆ ਹੈ ਉਹ ਸ਼ਤ-ਪ੍ਰਤਿਸ਼ਤ ਦੇਵਾਰ ਜਾਤੀ ਵਿੱਚ ਮਿਲਦਾ ਹੈ। ਇਸ ਪ੍ਰਕਾਰ ਇਹ ਪ੍ਰਮਾਣਿਤ ਹੁੰਦਾ ਹੈ ਕਿ ਇਨ੍ਹਾਂ ਦੀ ਪਰੰਪਰਾ ਮਨੁਸਮ੍ਰਿਤੀ ਕਾਲ ਤੋਂ ਚਲਦੀ ਆ ਰਹੀ ਹੈ। ਜਾਤੀ ਕਰਮ ਦੇ ਰੂਪ ਵਿੱਚ ਜੋ ਸਾਰੰਗੀ ਸਾਜ਼ ਇਸ ਜਾਤੀ ਵਿੱਚ ਪ੍ਰਚਲਿਤ ਹੈ ਉਸਨੂੰ ਵੀ ਪ੍ਰਾਚੀਨਤਾ ਨਾਲ ਜੋੜਿਆ ਜਾ ਸਕਦਾ ਹੈ।

ਵਾਇਲਨ ਦੇ ਸਰੂਪ ਵਰਗਾ ਦੂਜਾ ਲੋਕ ਸਾਜ 'ਬਾਨਾ' ਹੈ। ਛੱਤੀਸਗੜ੍ਹ ਦੇ ਰਾਜਗੋਂਡ ਰਾਜਿਆਂ ਦੇ ਇੱਛਰ 'ਪਰਗਾਨਿਹ' ਜਾਤੀ ਦੇ ਲੋਕ ਕੁਲ ਦੇਵਤਾ ਮੰਨ ਕੇ ਬਾਨਾ ਦੀ ਪੂਜਾ ਕਰਦੇ ਸਨ। ਇਹ ਲੋਕ ਖਾਸ ਤੌਰ ਤੇ ਜਾਤੀ ਸੰਸਕਾਰਾਂ ਦੇ ਮੌਕੇ ਤੇ ਬਾਨਾ ਵਜਾਕੇ ਕੁਲ ਪਰੰਪਰਾ ਦਾ ਗਾਨ ਕਰਦੇ ਸਨ। ਇਨ੍ਹਾਂ ਰਾਜਿਆਂ ਦੀ ਕੁਲ ਪਰੰਪਰਾ ਮੁਗਲ ਕਾਲ ਤੋਂ ਪਹਿਲਾਂ ਮਤਲਬ ਅੱਜ ਤੋਂ ਘੱਟੋਂ ਘੱਟ ਇੱਕ ਹਜਾਰ ਸਾਲ ਤੱਕ ਪ੍ਰਮਾਣਾਂ ਸਮੇਤ ਪ੍ਰਾਪਤ ਹੁੰਦੀ ਹੈ। ਅੱਜ ਕਲ ਤਾਂ ਰਾਜਗੋਂਡ ਜਾਤੀ ਨੂੰ ਵੀ ਆਦੀਵਾਸੀਆਂ 'ਚ ਗਿਣਿਆ ਜਾਂਦਾ ਹੈ। ਪਰ ਉਨ੍ਹਾਂ ਦੇ ਜਾਤੀ ਸੰਸਕਾਰ, ਰਹਿਣ-ਸਹਿਣ ਵਿੱਚ ਖਤਰੀਆਂ ਦਾ ਆਭਾਸ ਹੁੰਦਾ ਹੈ। ਸਾਰੰਗੀ ਨਾਲੋਂ ਬਾਨਾ ਦਾ ਰੂਪ ਵਧ ਵਿਗਿਆਨਕ ਅਤੇ ਵਿਕਸਤ ਹੈ। ਇਸਨੂੰ ਵੇਖਦੇ ਹੋਏ ਹੀ ਵਾਇਲਨ ਨੂੰ ਬਾਨਾ ਦਾ ਬਦਲਿਆਂ ਰੂਪ ਮੰਨਿਆ ਜਾਂਦਾ ਹੈ। ਇਸਦੇ ਚਾਰ ਤਾਰ, ਚਾਰ ਕਿਲੀਆਂ, ਸੁਰ ਪਟਿੱਕਾ, ਸੇਤੂ ਆਦਿ ਪੂਰੀ ਤਰ੍ਹਾਂ ਵਾਇਲਨ ਨਾਲ ਮਿਲਦੇ ਹਨ। ਕਿਸੇ-ਕਿਸੇ ਬਾਨਾਂ ਵਿੱਚ ਤਾਰ ਦੀ ਜਗ੍ਹਾਂ ਘੋੜੀ ਦੇ ਵਾਲ ਲੱਗੇ ਰਹਿੰਦੇ ਹਨ ਅਤੇ ਉਸੇ ਨਾਲ ਆਵਾਜ਼ ਪੈਦਾ ਹੁੰਦੀ ਹੈ। ਧਨੁਸ਼ ਦੇ ਆਕਾਰ ਦੀ ਛੋਟੀ ਕਮਾਨੀ ਨਾਲ ਤਾਰ ਉੱਤੇ ਸਪਰਸ਼ ਪੈਦਾ ਕਰਕੇ ਵਾਇਲਨ ਨੂੰ ਬਰਾਬਰ ਫੜਕੇ ਉਂਗਲੀਆਂ ਨਾਲ ਤੰਤ੍ਰੀਆਂ ਨੂੰ ਦਬਾਕੇ ਆਵਾਜ ਪੈਦਾ ਕੀਤੀ ਜਾਂਦੀ ਹੈ। ਕਿਸੇ-ਕਿਸੇ ਬਾਨਾ ਵਿੱਚ ਤਿੰਨ ਤਾਰ ਹੁੰਦੇ ਹਨ, ਪਰ ਗਨਿਰਾ ਜਾਤੀ ਦੇ ਲੋਕ ਕੋਲ ਹਜਾਰਾਂ ਸਾਲ ਪੁਰਾਣਾ ਬਾਨਾ ਦਾ ਰੂਪ ਅੱਜ ਵੀ ਪ੍ਰਾਪਤ ਹੋ ਸਕਦਾ ਹੈ। ਅੱਜ ਦਾ ਪ੍ਰਚਲਿਤ ਰੂਪ ਵੀ ਹਜਾਰਾਂ ਸਾਲ ਪੁਰਾਣਾ ਹੀ ਇਸਦਾ ਹੈ। ਪਰ ਗਨਿਰਾ ਜਾਤੀ ਦੇ ਲੋਕ ਅੱਜ ਵੀ ਵਿਗਆਨਕ ਕਾਢਾਂ ਅਤੇ ਨਗਰ ਸਭਿਅਤਾ ਤੋਂ ਅਨਜਾਨ ਹਨ। ਦੂਜੇ ਆਧੁਨਿਕ ਸਾਜਾਂ ਦੀ ਨਕਲ ਕਰਕੇ ਬਾਨਾ ਨੂੰ ਬਣਾਇਆ ਗਿਆ ਹੋਣਾ, ਇਸ ਕਲਪਨਾ ਦਾ ਕੋਈ ਆਧਾਰ ਨਹੀਂ ਹੈ।

ਉੱਤੇ ਦਿੱਤੇ ਗਏ ਪ੍ਰਮਾਣਾਂ ਤੋਂ ਸਿੱਧ ਹੁੰਦਾ ਹੈ ਕਿ ਵਾਇਲਨ ਦਾ ਮੁੱਢ ਅਤੇ ਜਨਮ ਸਥਾਨ ਭਾਰਤ ਮੰਨਿਆ ਜਾ ਸਕਦਾ ਹੈ। ਵਿਦੇਸ਼ੀਆਂ ਨਾਲ ਇਹ ਭਾਰਤ ਤੋਂ ਬਾਹਰਲੇ ਦੇਸ਼ਾਂ 'ਚ ਪਹੁੰਚਿਆ। ਵਿਦੇਸ਼ ਜਾਂਦੇ ਹੁਏ ਵੀ ਇਸਦਾ ਵਿਕਸਤ ਰੂਪ ਹੀ ਰਿਹਾ। ਵਾਇਲਨ ਦਾ ਵਰਤਮਾਨ ਰੂਪ ਪੱਛਮ ਦੇਸ਼ਾਂ ਤੋਂ ਪ੍ਰਾਪਤ ਹੋਇਆ ਹੈ। ਵਰਤਮਾਨ ਰੂਪ ਨਾਲ ਵਾਇਲਨ ਅੰਗ੍ਰੇਜ਼ਾਂ ਦੇ ਨਾਲ ਭਾਰਤ 'ਚ ਦੁਬਾਰਾ ਪ੍ਰਸਿੱਧ ਹੋਇਆ ਅਤੇ ਆਪਣੀ ਭਾਰਤੀਅਤਾ ਕਰਕੇ ਹੀ ਪ੍ਰਸਿੱਧੀ ਦੀਆਂ ਬੁਲੰਦੀਆਂ ਨੂੰ ਛੂੰਹਦੇ ਹੋਏ ਸੰਗੀਤ ਜਗਤ ਵਿੱਚ ਆਪਣੀ ਥਾਂ ਬਣਾਈ ਨਿਸ਼ਕਰਸ਼ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਵਾਇਲਨ ਸਾਜ ਦੇਣ ਦੇ ਮੌਜੂਦਾ ਸਰੂਪ ਅਤੇ ਪ੍ਰਯੋਗ ਉੱਤੇ ਪੱਛਮ ਦੇਸ਼ਾਂ ਦੀ ਝਲਕ ਸਾਫ਼ ਰੂਪ ਵਿੱਚ ਦਿਸਦੀ ਹੈ। ਇਸ ਕਰਕੇ ਇਸਦਾ ਮੂਲ ਭਾਰਤ ਦੇ ਪ੍ਰਾਚੀਨ ਸੰਗੀਤ ਵਿੱਚ ਮੌਜੂਦ ਹੋਣ ਦੇ ਪ੍ਰਮਾਣ ਵੀ ਮਿਲਦੇ ਹਨ। ਇਤਿਹਾਸਿਕ ਨਜ਼ਰ ਨਾਲ ਇਸ ਸਾਜ਼ ਦਾ ਜਨਮ ਵੈਦਿਕ ਕਾਲ ਅਤੇ ਪ੍ਰਾਚੀਨ ਕਾਲ ਵਿੱਚ ਗਜ ਨਾਲ ਵਜਾਏ ਜਾਣ ਵਾਲੇ ਸਾਜ਼ਾਂ ਦੀ ਸੰਰਚਨਾ ਅਤੇ ਪ੍ਰਯੋਗ ਦੀ ਪਰੰਪਰਾ ਨਾਲ ਜੁੜਦਾ ਹੈ। ਉਧਰ ਭਾਰਤ ਦੀਆਂ ਜਾਤੀਆਂ ਦੀ ਲੋਕ-ਸਾਂਗੀਤਿਕ ਪਰੰਪਰਾ ਵਿੱਚ ਵੀ ਇਸ ਸਾਜ਼ ਦਾ ਮੂਲ ਰੂਪ ਸੌਖਿਆ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਰਾਵਣਹੱਥਾ ਬਾਨਾ ਆਦਿ ਇਸ ਸ਼੍ਰੇਣੀ ਦੇ ਲੋਕ-ਸਾਜ ਰਹੇ ਹਨ। ਇਸ ਤੋਂ ਇਲਾਵਾ ਮੁਗਲ ਕਾਲੀਨ ਰਬਾਬ ਹੀ ਪੱਛਮ ਰਿਬੇਕ ਦਾ ਰੂਪ ਧਾਰਣ ਕਰਕੇ ਮੌਜੂਦਾ ਰੂਪ ਵਿੱਚ ਵਾਇਲਨ ਦਾ ਰੂਪ ਧਰਕੇ ਫੇਰ ਭਾਰਤ ਵਿੱਚ ਪ੍ਰਮੁੱਖ ਸਾਜ ਦੇ ਰੂਪ ਵਿੱਚ ਵਿਕਸਤ ਹੋਇਆ।

ਹਵਾਲੇ ਅਤੇ ਟਿੱਪਣੀਆਂ


1. ਸ਼ਰਦ ਚੰਦਰ ਸ੍ਰੀਧਰ ਪਰਾਂਜਪੇ, ਭਾਰਤੀਯ ਸੰਗੀਤ ਦਾ ਇਤਿਹਾਸ, ਪੰਨਾ 41.
2. ਰੇਖਾ ਸੇਠ, ਭਾਰਤੀਯ ਤੰਤਰ ਵਾਦਯੋਂ ਕੀ ਉੱਤਪਤੀ ਏਵਮ ਵਿਕਾਸ, ਪੰਨਾ 145.
3. ਤੁਲਸੀਦਾਸ ਦੇਵੀਗਨ, ਬੰਨਾ ਵਾਦਨ ਸ਼ਿਕਸ਼ਾ, ਪੰਨਾ 15.
4. ਡਾ. ਅਨਜਨਾ ਭਾਰਗਵ, ਭਾਰਤੀਯ ਸੰਗੀਤ ਮੇਂ ਵਾਦਯੋਂ ਕਾ ਚਿੰਤਨ, ਪੰਨੇ 229-230.
5. ਵਸੰਤ, ਸੰਗੀਤ ਵਿਸ਼ਾਰਦ, ਪੰਨੇ 252-253.
6. ਤੁਲਸੀਦਾਸ ਦੇਵਾਗਨ, ਬੇਨਾ ਵਾਦਨ ਸ਼ਿਕਸ਼ਾ, ਪੰਨਾ 8.
7. ਰੇਖਾ ਸੇਠ, ਭਾਰਤੀਆਂ ਤੰਤਰ ਵਾਦਯੋਂ ਕੀ ਉਤਪਤੀ ਏਵਮ ਵਿਕਾਸ, ਪੰਨਾ 149.
8. ਉਹੀ, ਪੰਨੇ 148-149.



ਲੈਕਚਰਾਰ, ਸੰਗੀਤ ਵਿਭਾਗ, ਐੱਸ. ਏ. ਜੈਨ. ਕਾਲਜ, ਅੰਬਾਲਾ ਸ਼ਹਿਰ

# ਤਹਾ ਬੈਕੁੰਠ ਜਹ ਕੀਰਤਨੁ ਤੇਰਾ॥

## ਕਰਤਾਰ ਸਿੰਘ ਨੀਲਧਾਰੀ

ਕੀਰਤਨ ਦੀ ਸਾਰਥਕਤਾ ਬ੍ਰਹਮ ਵਿਚਾਰ ਨਾਲ ਜੁੜੀ ਹੋਈ ਹੈ। ਇਹ ਬ੍ਰਹਮ ਵੀਚਾਰ ਗੁਰੂ ਬਾਣੀਆਂ ਵਿਚ ਦਰਜ ਹੈ।ਉਸੇ ਗੁਰੂ ਬਾਣੀ ਦਾ ਕੀਰਤਨ ਹੋ ਸਕਦਾ ਹੈ ਜੋ ਗੀਤ ਕਾਵਿ ਰੂਪ ਵਿਚ ਹੋਵੇ। ਭਾਰਤੀ ਫਲਸਫੇ ਅਨੁਸਾਰ ਪਹਿਲਾਂ ਕੀਰਤਨੀਆ ਭਗਤ ਨਾਰਦ ਮੁਨੀ ਹੈ। ਉਂਞ ਹਰੇਕ ਦੇਵ ਪੁਰਸ਼ ਨਾਲ ਸ਼ਾਸਤਰਾਂ ਅਨੁਸਾਰ ਕੋਈ ਨਾ ਕੋਈ ਸਾਜ਼ ਜੁੜਿਆ ਹੋਇਆ ਹੈ। ਨਾਰਦ ਮੁਨੀ ਨੇ ਵੀਣਾਂ ਦੀਆਂ ਤਾਰਾਂ ਨਾਲ ਪ੍ਰਭੂ ਦੇ ਵੱਖ ਵੱਖ ਨਾਮਾਂ ਦੇ ਜਪ ਕੀਰਤਨ ਦੀ ਰੀਤ ਫੜੀ। ਇਸ ਕੀਰਤਨ ਦੇ ਪ੍ਰਤਾਪ ਨਾਲ ਨਾਰਦ ਜੀ ਦੇਵ ਰਿਸ਼ੀ ਕਹੇ ਗਏ ਅਤੇ ਕਿਸੇ ਵੀ ਦੇਵ ਲੋਕ ਵਿਚ ਵਿਚਰਨ ਲਈ ਸੁਤੰਤਰ ਮੰਨੇ ਜਾਂਦੇ ਹਨ। ਅਯੋਧਿਆ ਦੇ ਸ੍ਰੀ ਰਾਮ ਸੀਤਾ ਨੂੰ ਬਨਵਾਸ ਭੇਜ ਕੇ ਬਿਰਹਾ ਦੇ ਏਕਾਂਤ ਨੂੰ ਬੀਣਾ ਦੀ ਤਾਰਾਂ ਨਾਲ ਝੰਕਾਰਦੇ ਹਨ। ਬ੍ਰਿੰਦਾਬਨ ਦੇ ਸ੍ਰੀ ਕ੍ਰਿਸ਼ਨ ਦੇ ਬਾਲ ਗੋਪਾਲ ਰੂਪ ਵਿਚ ਬੰਸੁਰੀ ਦੀ ਸੁਰ ਲਹਿਰੀ ਨਾਲ ਤ੍ਰਿਲੋਕੀ ਨੂੰ ਭ੍ਰਮਿਤ (ਸੰਮੋਹਿਤ) ਕਰ ਦਿੱਤਾ ਸੀ। ਜਨ ਜੀਵਨ ਵਿਚ ਸੰਗੀਤ ਦਾ ਸਮਾਵੇਸ਼ ਵੀ ਭਗਵਾਨ ਸ੍ਰੀ ਕ੍ਰਿਸ਼ਨ ਦੀ ਦੇਣ ਹੈ।

ਈਸਾਈ ਧਰਮ ਦੀ ਕੱਟਰਤਾ ਵਿਚ ਸੰਗੀਤ ਦਾ ਨਿਖੇਧ ਸ਼ੁੱਧਵਤਾ ਵਾਦੀਆਂ (ਪਿਯੂਰਿਟਨਜ਼) ਵਿਚ ਸੁਣਿਆ ਜਾਂਦਾ ਹੈ। ਬਾਈਬਲ ਵਿਚ ਦਰਜ ਹਜਰਤ ਈਸਾ ਜੀ ਦੇ ਉਪਦੇਸ਼ ਕੁਦਰਤੀ ਸੁੰਦਰਤਾ ਦੇ ਸੰਕਲਪ ਨਾਲ ਲਬਰੇਜ ਦੇਖੇ ਜਾ ਸਕਦੇ ਹਨ। ਗਿਰਜਿਆਂ ਵਿਚ ਐਤਵਾਰੀ ਬੇਨਤੀਆਂ ਗਾ ਕੇ ਹੀ ਕੀਤੀਆਂ ਜਾਂਦੀਆਂ ਹਨ। ਇਸਲਾਮ ਦੇ ਵਿਚ ਸੂਫੀ ਸੰਤਾਂ ਦੀ ਰੁਚੀ ਨਾਤੀਆ ਕਲਾਮ (ਕੀਰਤਨ) ਵਿਚ ਰਹੀ। ਮੁੱਢਲੇ ਦਿਨਾਂ ਵਿਚ ਸੂਫੀ ਸੰਤ ਅੱਲਾ ਹੂ-ਅੱਲਾ ਹੂ ਦੀ ਧੁਨਿ ਦੇ ਨਾਦ ਨਾਲ ਮਸਤ ਤੇ ਬੇਖੁਦ ਹੋ ਜਾਂਦੇ ਸਨ। ਮੌਲਾਨਾ ਰੂਮੀ ਜੀ ਦੀ ਸੰਪ੍ਰਦਾ ਨੂੰ ਡਾਂਸਿੰਗ ਦਰਵੇਸ਼ ਕਿਹਾ ਜਾਂਦਾ ਹੈ। ਹਜ਼ਰਤ ਮੁਅਈਯੁਦੀਨ ਚਿਸ਼ਤੀ ਸਾਹਿਬ ਦੀ ਗੱਦੀ ਦੇ ਦੂਜੇ ਪੀਰ ਖੁਆਜਾ ਕੁਤਬਦੀਨ ਕਾਕੀ ਸਾਹਿਬ ਤਾਂ ਇਸੇ ਅੱਲਾ ਹੂ-ਅੱਲਾ ਹੂ ਦੇ ਸੰਗੀਤ ਨਾਦ ਨਾਲ ਇਕ ਰਸ ਹੋ ਕੇ ਦੇਹ ਤਿਆਗ ਗਏ ਸਨ। ਇਸ ਗੱਦੀ ਦੇ ਤੀਜੇ ਪੀਰ ਹਜ਼ਰਤ ਬਾਬਾ ਫਰੀਦ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹਜ਼ਰਤ ਨਿਜ਼ਾਮੁਦੀਨ ਸਾਹਿਬ ਦੇ ਖਾਸਮਖਾਸ ਮੁਰੀਦ ਨਾਤੀਆ ਕਲਾਮ ਪੀਰੇ ਮੁਰਸ਼ਿਦ ਤੋਂ ਮੰਜ਼ੂਰ ਕਰਵਾਇਆ। ਕੱਵਾਲੀਆਂ ਦੇ ਰੂਪ ਵਿਚ ਇਹ ਅੱਲਾਹੀ ਕੀਰਤਨ ਹਰੇਕ ਪੀਰ-ਗਾਹ-ਦਰਗਾਹ ਨਾਲ ਜੁੜ ਗਿਆ ਹੈ। ਨਾਤੀਆ ਕਲਾਮ ਨਾਲ ਜੁੜਨ ਵਾਲੇ ਹਰੇਕ ਕੱਵਾਲ ਉਸਤਾਦ ਦਾ ਸੰਬੰਧ ਕਿਸੇ ਨਾ ਕਿਸੇ ਪੀਰ ਦੀ ਕੁਲ ਨਾਲ ਜੁੜਿਆ ਹੁੰਦਾ ਹੈ। ਐਸੇ ਕੱਵਾਲ ਪੀਰ ਅੱਗੇ ਸਹੁੰ ਖਾਉਂਦੇ ਹਨ ਕਿ ਇਸ ਹੁਨਰ ਨੂੰ ਖੁਦਾਈ ਖਿਤਮਤਗਾਰ ਬਣਕੇ ਵਰਤਣਗੇ।

ਪਾਕਿਸਤਾਨ ਤੇ ਜਗਤ ਪ੍ਰਸਿੱਧ ਕੱਵਾਲ ਨੁਸਰਤ ਅਲੀ ਸਾਹਿਬ ਨੇ ਸੋਨੇ ਦੀ ਚਮਕ ਵਿਚ ਪੀਰਾਂ (ਹਜ਼ਰਤ ਦਾਤਾਗੰਜ) ਨਾਲ ਕੀਤੇ ਅਹਿਦ ਨੂੰ ਭੁਲਾ ਦਿੱਤਾ। ਨੰਗੇਜ਼ਭਰੀ ਦ੍ਰਿਸ਼ਵਲੀਆਂ ਨਾਲ ਐਲਬਮ ਤਿਆਰ ਹੋਈ। ਕੱਵਾਲ ਸਾਹਿਬ ਮਹਜ 50 ਸਾਲ ਦੀ ਉਮਰ ਵਿਚ ਫੌਤ ਹੋ ਗਏ। ਰੂਹਾਨੀ ਮੰਜ਼ਿਲਾਂ ਦੇ ਮਾਰਗ ਦਰਸ਼ਕ ਮਹਾਂਪੁਰਸ਼ਾਂ ਤੋਂ ਇਸ ਹਸ਼ਰ ਦਾ ਬਿਆਨ ਬਖਾਨ ਸੁਣਿਆ ਹੈ।ਗੁਰਬਾਣੀ ਕੀਰਤਨ ਨਾਲ ਜੁੜੇ ਕਈ ਪ੍ਰੇਮੀ ਜਦੋਂ ਐਸੀਆਂ ਸੁਰਾਂ ਵਿਚ ਗਾਇਨ ਕਰਦੇ ਹਨ ਕਿ ਕੋਈ ਫਿਲਮੀ ਗਾਣਾ ਜ਼ਹਿਨ ਵਿਚ ਆ ਜਾਦਾ ਹੈ। ਬਾਬਾ ਕਬੀਰ ਜੀ ਦੀ ਬਾਣੀ ਚੇਤੇ ਆ ਜਾਂਦੀ ਹੈ - ਲੋਗ ਜਾਨੈ ਇਹੁ ਗੀਤੁ ਹੈ??? ਭਾਰਤ ਵਿਚ ਭਗਤੀ ਰਸ ਦੇ ਗੀਤ ਹਮੇਸ਼ਾ ਸ਼ਾਸ਼ਤ੍ਰੀ ਸੰਗੀਤ ਪੱਧਰੀ ਵਿਚ ਜਾ ਲੋਕ ਧੁਨਾਂ ਵਿਚ ਗਾਏ ਜਾਂਦੇ ਸੁਹਾਂਦੇ ਹਨ। ਫਿਲਮੀ ਗਾਣੇ ਦੇ ਸੰਗੀਤ ਦਾ ਆਧਾਰ ਸ਼ਾਸ਼ਤ੍ਰੀ ਸੰਗੀਤ ਵੀ ਹੋਵੇ ਤਾਂ ਵੀ ਸ੍ਰੋਤੇ ਦਾ ਮਨ ਫਿਲਮੀ ਚੰਚਲਤਾ ਵੱਲ ਹੀ ਆਕਰਸ਼ਿਤ ਹੁੰਦਾ ਹੈ। ਗੁਰਬਾਣੀ ਸ਼ਬਦ ਦਾ ਜੋ ਅਨਾਦਰ ਹੁੰਦਾ ਹੈ ਉਸ ਬਾਰੇ ਕੁਝ ਵੀ ਕਹਿਣਾ ਛੋਟੇ ਮੂੰਹ ਬੜੀ ਬਾਤ ਹੋਵੇਗਾ। ਸਾਡੇ ਕੀਰਤਨੀਏ ਬੜੀ ਸਫਾਈ ਨਾਲ ਕਹਿ ਦੇਂਦੇ ਹਨ ਕਿ ਲੋਕਾਈ ਪੱਕੇ ਰਾਗ (ਸ਼ਾਸ਼ਤ੍ਰੀ ਸੰਗੀਤ ਬੱਧ ਗੁਰਮਤਿ ਰੀਤ ਸੰਗੀਤ?) ਪਸੰਦ ਨਹੀਂ ਕਰਦੇ।

ਗੁਰਮਤਿ ਸੰਗੀਤ ਦੇ ਪਤਨ ਦੀ ਕਥਾ ਵਿਅਥਾ ਕਈ ਚੈਨਲਾਂ ਤੋਂ ਪ੍ਰਸਾਰਿਤ ਹੋਣ ਵਾਲੇ ਗੁਰੂਧਾਮੀ ਕੀਰਤਨ ਤੋਂ ਦੇਖੀ

ਜਾ ਸਕਦੀ ਹੈ। ਅਸੀਂ ਦੁਨੀਆਂ ਅੱਗੇ ਗੁਰਮਤਿ ਸੰਗੀਤ ਦਾ ਰਸ ਅੰਮ੍ਰਿਤ ਪ੍ਰਸਾਰਿਤ ਕਰਨ ਤ੍ਰੋ ਅਸਮਰਥ ਹੀ ਸਿੱਧ ਹੋ ਰਹੇ ਹਾਂ। ਮਹੰਤਾਂ ਪੁਜਾਰੀਆਂ ਦੇ ਇੰਤਜ਼ਾਮ ਗੁਰਮਤਿ ਵਿਰੋਧੀ ਦੱਸੇ ਜਾਂਦੇ ਸਨ। ਅੱਜੋਕੇ ਇੰਤਜ਼ਾਮੀ ਨਿਜਾਮ ਕਰਨ ਲਈ ਚੋਣਾਂ ਵਿਚ ਸ਼ਰਾਬਾਂ ਦੇ ਡਰੱਮ ਰੋਹੜੇ ਜਾਣ ਦੀ ਚਰਚਾ ਕਰਨਾ ਆਪਣੇ ਮੂੰਹ ਤੇ ਕਾਲਿਖ ਪੋਤਣ ਦੀ ਦੁਰਮਤਿ ਹੀ ਹੋ ਸਕਦੀ ਹੈ। ਇੰਤਜ਼ਾਮਾਂ ਦੀ ਦ੍ਰਿਸ਼ਮਾਨਤਾ ਵਿਚ ਅੱਜ ਕੀਰਤਨ ਰੂਪੀ ਗੁਰ ਸਿੱਖੀ ਤਖਤ ਦੀ ਵੀ ਕੁਝ ਨਾ ਪੁੱਛੋ।

ਪੁਰਾਣੀ ਗੱਲ ਹੈ, ਇਕ ਨਗਰ ਦੇ ਇਕ ਗੁਰਦੁਆਰੇ ਵਿਚ ਲਾਊਡ ਸਪੀਕਰ ਲਗਾਇਆ ਗਿਆ। ਸਵੇਰੇ ਚਾਰ ਵਜੇ ਆਸਾ ਦੀ ਵਾਰ ਦੇ ਕੀਰਤਨ ਨਾਲ ਮੁਹੱਲੇ ਵਾਲਿਆਂ ਨੇ ਆਰਾਮ ਵਿਚ ਖਲਲ ਸਮਝਿਆ। ਕਚਹਿਰੀ ਕੇਸ ਹੋਇਆ ਤੇ ਵਾਦੀ ਨੇ ਕਿਹਾ ਕਿ ਗੁਰਦੁਆਰੇ ਦੇ ਬਾਹਰ ਪਏ ਜੁੱਤੀਆਂ ਦੀ ਗਿਣਤੀ ਤੋਂ ਸਿੱਧ ਹੁੰਦਾ ਹੈ ਕਿ ਲਾਊਡ ਸਪੀਕਰ ਦੀ ਲੋੜ ਗੁਰਦੁਆਰੇ ਦੇ ਅੰਦਰ ਨਹੀਂ। ਅਜਿਹੇ ਏਤਰਾਜ ਤੋਂ ਬਾਅਦ ਹੀ ਧਵਨੀ ਪ੍ਰਦੂਸ਼ਣ ਵਿਰੁੱਧ ਕਾਨੂੰਨ ਬਣਾਏ ਗਏ ਜੋ ਉਚਿੱਤ ਹਨ।

ਆਸਾ ਦੀ ਵਾਰ ਦੇ ਰੂਪ ਵਿਚ ਰਾਤ ਦੇ ਚੌਥੇ ਪਹਿਰ ਵਿਚ ਅੰਮ੍ਰਿਤ ਵੇਲੇ ਦੀ ਅੰਮ੍ਰਿਤ ਧਾਰਾ ਨਾਲ ਗੁਰਮਤਿ ਸੰਗੀਤ ਧਾਰਾ ਨੂੰ ਪ੍ਰਫੁਲਿਤ ਕਰਨ ਦਾ ਨਿਤਨੇਮ ਬਣਾਇਆ ਗਿਆ ਸੀ। ਚੈਨਲਾਂ ਤੋਂ ਪ੍ਰਸਾਰਤ ਹੋਣ ਵਾਲੇ ਵੱਖ ਵੱਖ ਗੁਰਦੁਆਰਿਆਂ ਦੇ ਵਿਚ ਆਸਾ ਦੀ ਵਾਰ ਦੇ ਕੀਰਤਨ ਦੇ ਸਮੇਂ ਦੀ ਇਕਸਾਰਤਾ ਅਤੇ ਅਨੁਸ਼ਾਸ਼ਨ ਨਜ਼ਰ ਨਹੀਂ ਆਉਂਦਾ। ਵੇਰਵਾ ਤੇ ਅੰਤਰ ਦੇਖਣ ਲਈ ਸਵੇਰੇ ਜਾਗ ਕੇ ਚੈਨਲਾਂ ਦੇ ਕੀਰਤਨ ਨਾਲ ਜੁੜ ਕੇ ਖੋਜ ਕੀਤੀ ਜਾ ਸਕਦੀ ਹੈ। ਸ਼ੁੱਧ ਉਚਾਰਨ ਦੀ ਚਰਚਾ ਕਰਨੀ ਵੀ ਹਿਮਾਕਤ ਹੋਏਗੀ।

ਗੁਰਮਤਿ ਕੀਰਤਨ ਸੰਗੀਤ ਵਿਚ ਬਾਣੀ ਦੇ ਨਿਯਮਿਤ ਰਾਗ ਵਿਚ ਕੀਰਤਨ ਨਾ ਕੀਤਾ ਜਾ ਸਕੇ ਤਾਂ ਵੀ ਇਹ ਜ਼ਰੂਰੀ ਹੈ ਸਮੇਂ ਦੇ ਰਾਗ ਵਿਚ ਹੀ ਗਾਇਨ ਕੀਤਾ ਜਾਵੇ। ਰਾਗ ਦੇ ਗਾਇਨ ਸਮੇਂ ਦੇ ਅਨੁਸ਼ਾਸਨ ਵਿਚ ਰਹਿ ਕੇ ਹੀ ਗੁਰਬਾਣੀ ਸ਼ਬਦ ਵਿਚੋਂ ਬ੍ਰਹਮ ਨਾਦ ਦਾ ਆਨੰਦ ਲਿਆ ਜਾ ਸਕਦਾ ਹੈ। ਇਹ ਆਨੰਦ ਰਸ ਜੇਕਰ ਕੀਰਤਨੀਏ ਰਾਗੀ ਨੇ ਚੱਖਿਆ ਹੋਏ ਤਾਂ ਉਹ ਮੁੜ ਪ੍ਰਾਪਤੀ ਦੀ ਚਾਹਤ ਨਾਲ ਕੀਤੇ ਕੀਰਤਨ ਨਾਲ ਸਰੋਤਿਆਂ ਤੇ ਆਪਨੂੰ ਆਤਮ ਵਿਭੋਰ ਕਰ ਸਕਦਾ ਹੈ। ਭਾਈ ਜੁਆਲਾ ਸਿੰਘ ਜੀ ਦਾ ਭਾਈ ਮੋਤੀ ਰਬਾਬੀ ਨਾਲ ਸੰਗੀਤ ਰਾਗ ਮੁਕਾਬਲਾ ਹੋਇਆ ਸੀ। ਉਸ ਸਮੇਂ ਭਾਈ ਜੁਆਲਾ ਸਿੰਘ ਜੀ ਦੀ ਜਿੱਤ ਦਾ ਮੁੱਖ ਕਾਰਨ ਨਾਮ ਜਪੁ ਸਿਮਰਨ ਅਭਿਆਸ ਨਾਲ ਵਿਕਸਤ ਹੋਇਆ ਆਤਮ ਵਿਸ਼ਵਾਸ ਸੀ। ਭਾਈ ਮੋਤੀ ਨੂੰ ਹਰਾ ਕੇ ਸ਼ਰਤ ਅਨੁਸਾਰ ਪਾਈ ਜੀ ਨੇ ਸਾਜ ਆਪਣੇ ਕੋਲ ਨਹੀਂ ਸੀ ਰੱਖੇ, ਸਗੋਂ ਗੁਰਮਤਿ ਨਿਮਰਤਾ ਨਾਲ ਜੋੜ ਦਿੱਤੇ ਸਨ ਤੇ ਕਿਹਾ ਸੀ – "ਤੁਸੀਂ ਕਈ ਪੁਸ਼ਤਾਂ ਤੋਂ ਇਹ ਕੀਰਤਨ ਸੇਵਾ ਕਰ ਰਹੇ ਹੋ। ਪੰਥ ਤੁਹਾਡਾ ਰਿਨੀ ਹੈ। ਗੁਰੂ ਘਰ ਵਿਚ ਅਧੀਨਤਾ ਨਾਲ ਕੀਰਤਨ ਕਰੋ ਤੇ ਗੁਰੂ ਅਤੇ ਗੁਰੂ ਸੰਗਤ ਦੀ ਖੁਸ਼ੀਆਂ ਪ੍ਰਾਪਤ ਕਰਦੇ ਰਹੋ।"

ਭਾਈ ਜੁਆਲਾ ਸਿੰਘ ਹੀ ਹਰੇਕ ਅਮਾਵਸ ਨੂੰ ਹਰਿ ਮੰਦਰ ਤਰਨਤਾਰਨ ਸਾਹਿਬ ਕੀਰਤਨ ਸੇਵਾ ਹਾਜ਼ਰੀ ਭਰਨ ਜਾਂਦੇ ਸਨ। ਉਹਨਾਂ ਨੂੰ ਡਾਇਰੀ ਲਿਖਣ ਦੀ ਆਦਤ ਵੀ ਸੀ। ਇਕ ਅਮਾਵਸ ਨੂੰ ਉਹਨਾਂ ਝੋਰਾ ਕਰਕੇ ਲਿਖਿਆ-ਅੱਜ ਸਤਿਗੁਰ ਜੀ ਦੇ ਦਰਸ਼ਨ ਨਹੀਂ ਹੋਏ। ਇਹ ਕੀਰਤਨੀਏ ਢਾਢੀ ਦੀ ਗੁਰੂ ਮਹਿਲ ਵਿਚ ਸੱਚੀ ਹਾਜ਼ਰੀ ਦਾ ਸਬੱਬ ਸਿੱਧ ਹੁੰਦਾ ਹੈ। ਅੱਜੋਕੇ ਸਮੇਂ ਵਿਚ ਉਹਨਾਂ ਦੇ ਪੋਤਰੇ ਭਾਈ ਕੁਲਤਾਰ ਸਿੰਘ ਜੀ ਦੇ ਕੀਰਤਨ ਵਿਚੋਂ ਕੀਰਤਨ ਦੀ ਰੂਹ ਤਰਾਸ਼ੀ ਜਾ ਸਕਦੀ ਹੈ। ਬਹੁਤ ਕੀਰਤਨੀਆ ਨੂੰ ਤਾਂ ਅਜੇ ਇਹ ਪਤਾ ਹੀ ਨਹੀਂ ਕਿ ਹਿਰਦੇ ਵਿਚੋਂ ਕਿਵੇਂ ਗਾਇਆ ਜਾ ਸਕਦਾ ਹੈ। ਗਲੇ ਦੇ ਰਿਆਜ਼ ਦੀ ਚਰਚਾ ਕੋਈ ਸੰਗੀਤ ਵਿਦਵਾਨ ਕਰੇ ਤਾਂ ਹੀ ਸਹੀ ਮੰਨਿਆ ਜਾਏਗਾ। ਗੁਰਬਾਣੀ ਦੀ ਸ਼ੁੱਧਤਾ ਕਰਾਉਣ ਦਾ ਟਕਸਾਲੀ ਪੰਥਕ ਪ੍ਰਬੰਧ ਅਜੇ ਤਕ ਸਿਰਜਿਆ ਹੀ ਨਹੀਂ ਗਿਆ।

ਸੰਤ ਜੀ ਮਹਾਰਾਜ ਸੰਤ ਹਰਨਾਮ ਸਿੰਘ ਜੀ ਕਿਲਾ (ਸੂਬਾ ਸਿੰਘ) ਵਾਲੇ ਮਗਰੋਂ ਨੁਸ਼ਹਿਰਾ ਮੱਝਾ ਸਿਘ (ਗੁਰਦਾਸਪੁਰ) ਵਿਚ ਟਿਕੇ। ਕੀਰਤਨ ਦੇ ਵਿਲੱਖਣ ਰਸੀਏ ਦੀ ਉਪਮਾ ਗੰਭੀਰ ਕੀਰਤਨੀਏ ਜਾਣਦੇ ਸਨ। ਪਾਕਿਸਤਾਨੀ ਵਿਚ ਤੇ ਏਧਰ ਨਾਮਚੀਨ ਰਾਗੀ ਕੀਰਤਨੀ ਕਰਨ ਲਈ ਸਮਾਂ ਮਿਲਣ ਲਈ ਲੋਚਦੇ ਰਹਿੰਦੇ ਸਨ। ਆਪਦੀ ਹਜੂਰੀ ਵਿਚ ਕੀਰਤਨ ਸਮੇਂ ਇਕ ਵਿਦਵਾਨ ਗੁਰਬਾਣੀ ਰਸੀਆ ਸਾਧ ਸੈਂਚੀਆਂ ਲੈ ਕੇ ਬੈਠਦਾ ਸੀ। ਕੀਰਤਨ ਵਿਚ ਉਚਾਰਨ ਅਸ਼ੁੱਧਤਾ ਲਈ ਬੇਝਿਜਕ ਰੋਕ ਦਿੱਤਾ ਜਾਂਦਾ ਸੀ, ਰਾਗ ਦੇ ਗਾਇਨ ਨੂੰ ਉਸ ਰਾਗ ਦੀ ਸਮਾਂ ਮਰਯਾਦਾ ਵਿਚ ਹੀ ਕੀਤਾ ਜਾ ਸਕਦਾ ਸੀ। ਰਾਗ ਵਿਚ ਅਸ਼ੁੱਧੀ ਲਈ ਸੰਤ ਜੀ ਮਹਾਰਾਜ ਆਪ ਕੀਰਤਨ ਪ੍ਰੇਮੀ ਨੂੰ ਟੋਕਦੇ ਹੀ ਨਹੀਂ ਸਨ ਸਗੋਂ ਸ਼ੁੱਧ ਸੁਰਾਂ ਦਾ ਗਾਇਨ ਵੀ

ਸਿਖਾ ਦੇਂਦੇ ਸਨ। ਆਸਾ ਦੀ ਵਾਰ ਦੇ ਕੀਰਤਨ ਦੇ ਭੋਗ ਲਈ ਆਪ ਦਾ ਬਚਨ ਸੀ ਜਦੋਂ ਧਰਤੀ ਤੇ ਤੁਰਦੀ ਕੀੜੀ ਨਜ਼ਰ ਆ ਜਾਏ ਤੇ ਸਮਝ ਲਵੋ ਕਿ ਆਸਾ ਦੀ ਵਾਰ ਦੇ ਭੋਗ ਦਾ ਸਮਾਂ ਹੋ ਗਿਆ। ਆਸਾ ਦੀ ਵਾਰ ਦੀ ਵੀਹਵੀਂ ਪਉੜੀ ਦੇ ਗਾਇਨ ਤੋਂ ਬਾਦ ਸੁਖਮਨੀ ਸਾਹਿਬ ਦੀ ਅਖੀਰਲੀ ਦੋ ਪਉੜੀਆਂ (ਪਦਾਂ) ਦਾ ਗਾਇਨ ਪਾਠ ਕੀਤਾ ਜਾਂਦਾ ਸੀ। ਅਜਿਹਾ ਗਾਇਨ ਹਜ਼ੂਰ ਸਾਹਿਬ ਦੇ ਵਿਚ ਆਸਾ ਦੀ ਵਾਰ ਦੇ ਕੀਰਤਨ ਵਿਚ ਦੇਖਿਆ ਸੁਣਿਆ ਜਾ ਸਕਦਾ ਹੈ। ਅਖੀਰਲੇ ਤੇਈਸਵੀਂ ਅਤੇ ਚੌਬੀਸਵੀਂ ਪਉੜੀ ਦੇ ਗਾਇਨ ਵਿਚ ਕੋਈ ਹੋਰ ਸ਼ਬਦ ਨਹੀਂ ਗਾਇਆ ਜਾਦਾ ਸੀ।

ਸਭ ਗੁਰਦੁਆਰਿਆਂ ਵਿਚ ਕੀਰਤਨ ਭੋਗ ਸਮੇਂ ਸ਼ਲੋਕ (ਜਪੁ ਜੀ ਸਾਹਿਬ ਵਾਲਾ) ਗਾਇਆ-ਪੜ੍ਹਿਆ ਜਾਂਦਾ ਹੈ। ਸੰਤ ਜੀ ਮਹਾਰਾਜ ਜਪੁਜੀ ਸਾਹਿਬ ਦੀ ਕਿਸੇ ਪਉੜੀ-ਸ਼ਲੋਕ ਦੇ ਗਾਇਨ ਜਾਂ ਲੈਅ ਵਿਚ ਪੜਨ ਦੀ ਇਜਾਜ਼ਤ ਨਹੀਂ ਸੀ ਦੇਂਦੇ। ਆਪ ਦੀ ਹਜ਼ੂਰੀ ਵਿਚ ਮਹਲਾ ਦੂਜਾ ਕਹਿ ਕੇ ਮਾਝ ਦੀ ਵਾਰ (146) ਵਿਚ ਦਰਜ ਮੂਲ ਸ਼ਲੋਕ ਹੀ ਪੜ੍ਹੇ ਜਾਣ ਦੀ ਮਰਯਾਦਾ ਕਾਇਮ ਕੀਤੀ ਗਈ ਸੀ। ਜਪੁ ਜੀ ਸਾਹਿਬ ਦੇ ਸ਼ਲੋਕ ਅਤੇ ਮਾਝ ਦੀ ਵਾਰ ਦੇ ਸਲੋਕ ਮਹਲਾ ਦੂਜਾ ਵਿਚ ਕੁਝ ਪਾਠਾਂਤਰ ਹਨ-ਪਵਨ (ਪਉਣ) 2. ਦਿਵਸ (ਦਿਨਸ) ਅਤੇ 3. ਕੇਤੀ-ਛੁਟੀ ਨਾਲਿ (ਹੋਰ ਕੇਤੀ ਛੁਟੀ ਨਾਲਿ)। ਇਸੇ ਤਰ੍ਹਾਂ ਜਪੁ ਸਾਹਿਬ ਦੇ ਮੂਲ ਸ਼ਲੋਕ - ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥, ਅਤੇ ਸੁਖਮਨੀ ਸਾਹਿਬ ਦੇ ਸਤਾਰ੍ਹਵੇਂ ਸ਼ਲੋਕ-ਆਦਿ ਸਚੁ ਜੁਗਾਦਿ ਸਚੁ॥ ਹੈ ਭਿ ਸਚੁ ਨਾਨਕ ਹੋਸੀ ਭਿ ਸਚੁ ਦਾ ਪਾਠਾਂਤਰ ਬਚਿਆ ਜਾ ਸਕਦਾ ਹੈ।

ਪੁਰਾਤਨ ਕੀਰਤਨੀ ਮਰਯਾਦਾ ਤੇ ਪਹਿਰਾ ਦੇਣ ਵਾਲੇ ਪੁਰਾਤਨ ਪੰਥੀ ਸਮਝੇ ਜਾਂਦੇ ਹਨ। ਅਜਿਹਾ ਵਿਚਾਰਨ ਵਾਲੇ ਪਦਾਰਥਵਾਦੀ ਭੁੱਲ ਜਾਂਦੇ ਹਨ ਕਿ ਸਚੁ ਰੁਪੀ ਪਰਮਾਤਮਾ ਦਾ ਅੱਖਰੀ ਰੂਪ ਗੁਰਬਾਣੀ ਹੈ। ਇਸ ਗੁਰਬਾਣੀ ਨੂੰ ਸ੍ਰਿਸ਼ਟੀ ਕਰਤਾ ਦੀ ਸਥਾਪਿਤ ਸੰਗੀਤ ਸ਼ੈਲੀ ਵਿਚ ਗਾ ਕੇ ਸਾਕਾਰ ਕਰਨ ਲਈ ਜ਼ਰੂਰੀ ਹੈ ਕਿ ਸਮਾਂ, ਰੁੱਤ ਤੇ ਸਹਿਜਤਾ ਦੇ ਆਧਾਰਤ ਸ਼ਾਸਤਰੀ ਸੰਗੀਤ ਵਿਧਾ ਵਿਚ ਨਿੰਪੁਨਤਾ ਪ੍ਰਾਪਤ ਕੀਤੀ ਜਾਏ।

ਸਚੁ ਪੁਰਾਣਾ ਹੋਵੈ ਨਾਹੀ ਸੀਤਾ ਕਦੇ ਨਾ ਪਾਟੈ। (956)

ਸਚੁ ਪੁਰਾਣਾ ਨਾ ਥੀਐ ਨਾਮੁ ਨ ਮੈਲਾ ਹੋਇ॥ (1248)

ਸਚੁ ਨਾਲ ਜੁੜਨ (ਸੀਤੇ ਜਾਣ) ਲਈ ਜ਼ਰੂਰੀ ਹੈ ਕਿ ਸੱਚੀ ਬਾਣੀ ਨੂੰ ਸੱਚੇ ਸੰਗੀਤ ਵਿਚ ਗਾ ਕੇ ਸੱਚੇ ਕੀਰਤਨ ਦਾ ਰੂਪ ਦਿੱਤਾ ਜਾਏ ਤਾਂ ਹੀ ਇਹਨਾਂ ਤੁਕਾਂ ਦਾ ਥਾਵ-ਅਰਥ-ਬੋਧ ਆਤਮਸਾਤ ਹੋ ਜਾਂਦਾ ਹੈ।

ਕੀਰਤਨ ਨਿਰਮੋਲਕ ਹੀਰਾ ਆਨੰਦ ਗੁਣੀ ਗਹੀਰਾ॥ (893)

ਹੀਰਾ ਦੀ ਗੁਰਬਾਣੀ ਅਰਥਾਤ ਖੋਜ ਕੀਤੀ ਜਾਏ ਤਾਂ ਸਿੱਧ-ਭਗਤੀ ਹੋ ਨਿਬੜਦਾ ਹੈ।

ਐਸਾ ਕੀਰਤਨ ਕਰਿ ਮਨ ਮੇਰੇ। ਈਹਾ ਊਹਾ ਜੋ ਕਾਮਿ ਤੇਰੇ (236)

ਲੋਕ-ਪਰਲੋਕ ਵਿਚ ਸਹਾਈ ਹੋਣ ਵਾਲੇ ਕੀਰਤਨ ਮਨ (ਹਿਰਦੇ) ਨਾਲ ਕੀਤਾ ਜਾਂਦਾ ਹੈ।

ਜੋ ਜਨੁ ਕਰੈ ਕੀਰਤਨੁ ਗੋਪਾਲ ਤਿਸ ਕਉ ਪੋਹਿ ਨਾ ਸਕੈ ਜਮ ਕਾਲੁ॥ (862)

ਮਰ ਕੇ ਅਮਰ ਹੋ ਜਾਣ ਵਾਲੇ ਕੀਰਤਨੀਏ ਕਾਲ ਚੱਕਰ ਤੋਂ ਮੁਕਤ ਹੋ ਜਾਂਦੇ ਹਨ।

ਕੋਈ ਗਾਵੈ ਕੋ ਸੁਣੈ ਕੋ ਉਚਰਿ ਸੁਨਾਵੈ॥ (1378)

ਕੋਈ ਗਾਵੈ ਕੋ ਸੁਣੈ ਕੋਈ ਕਰੈ ਬੀਚਾਰੁ॥ (300)

ਗੁਰਬਾਣੀ ਦੇ ਗੁਰਮਤਿ ਸੰਗੀਤ ਰੀਤ ਵਿਚ ਕੀਤੇ ਕੀਰਤਨ ਦੇ ਗਾਇਨ ਸ੍ਰਵਣ ਕਰਨ ਨਾਲ ਮਨ ਬਿਰਤੀਆਂ ਦ੍ਰਿਸ਼ਮਾਨ ਪਦਾਰਥਵਾਦ ਨੂੰ ਵਿਸਮ੍ਰਿਤ ਕਰਨਾ ਸ਼ੁਰੂ ਕਰ ਦੇਂਦੀਆਂ ਹਨ। ਪਾਤੰਜਲ ਯੋਗ ਪਰਿਭਾਸ਼ਾ ਅਨੁਸਾਰ ਚਿੱਤ ਬਿਰਤੀਆਂ ਦਾ ਨਿਰੋਧ ਹੀ ਯੋਗ ਹੈ। ਕੀਰਤਨ ਵਿਚ ਚਿੱਤ ਬਿਰਤੀਆਂ ਦਾ ਬਾਹਰਮੁਖੀ ਖਲਾਰਾ ਸੰਕੋਚਿਆ ਜਾਦਾ ਹੈ। ਜਦੋਂ ਚਿਤ ਬਿਰਤੀਆਂ ਅੰਤਰਮੁਖੀ ਹੋ ਜਾਂਦੀਅਹਨ ਤਾਂ ਹੀ ਅੰਤਰ ਆਨੰਦ ਧਾਰਾ ਦਾ ਰਸ ਮਿਲਣਾ ਸ਼ੁਰੂ ਹੋ ਜਾਂਦਾ ਹੈ। ਇਸ ਆਨੰਦ ਅੰਮ੍ਰਿਤ ਦੀ ਝਲਕੀ ਖਾ ਕੇ ਉਤਸ਼ਾਹ ਜਾਗਦਾ ਹੈ। ਉਸ ਉਤਸ਼ਾਹ ਵਿਚ ਗੁਰਪ੍ਰਸਾਦਿ ਨਾਲ ਅੰਮ੍ਰਿਤ ਧਾਰਾ ਪ੍ਰਾਪਤੀ ਦਾ ਸਮਾ ਵਧਦਾ ਜਾਂਦਾ ਹੈ। ਇਸ ਆਨੰਦ ਰਸ ਨੂੰ ਪ੍ਰਾਪਤ ਕਰਨਾ ਬਹੁਤ ਔਖਾ ਹੈ। ਇਸ ਤੋਂ ਔਖਾ ਹੈ ਐਸੇ ਆਨੰਦਮਈ ਵਿਲਕਸ਼ਣ ਆਤਮ ਅਨੁਭਵਾਂ ਛੁਪਾ ਕੇ ਰੱਖਣਾ ਅਰਥਾ ਕਰਨਾ:

ਅਜਰੁ ਜਰੋ ਸੁ ਨਿਝਰੁ (ਚਸ਼ਮਾ) ਝਰੈ॥ (924)
ਅਜੁ ਜਰੈ ਤ ਨਉਕੁਲ (ਨਉਦਰਵਾਜ਼ੇ) ਬੰਧੁ॥ (1289)
ਅਜਰੁ ਜਰੈ ਨੀਝਰ ਝਰੈ ਅਮਰ ਅਨੰਦ ਸਰੂਪ॥ (1331)

ਅਮਰ ਅਨੰਦ ਸਰੂਪ ਦੀ ਪ੍ਰਾਪਤੀ ਅਰਥਾਤ ਸਚੁ ਦੀ ਪ੍ਰਾਪਤੀ। ਇਸ ਆਤਮ ਪ੍ਰਕਾਸ਼ ਵਿਚ ਗੁਰਬਾਣੀ ਦੇ ਭਾਵ ਬੋਧ ਦਾ ਸਚੁ ਪ੍ਰਗਟ ਹੋ ਜਾਦਾ ਹੈ ਤੇ ਰਾਗ ਬੋਧ ਨਾਲ ਸੰਗੀਤ ਮਈ ਬਾਣੀ ਵੀ ਪ੍ਰਗਟ ਹੋ ਸਕਦੀ ਹੈ। ਅਜਿਹੇ ਆਤਮ ਰਸ ਵਿਚ ਵੀ ਬਾਬਾ ਸੁੰਦਰ ਦੀ ਸੱਦ, ਭਾਈ ਸਤਾ ਭਾਈ ਬਲਵੰਡ ਦੀ ਵਾਰ ਰਾਮਕਲੀ ਅਤੇ ਭੱਟਾਂ ਦੀ ਉਚਾਰੀ ਗੁਰੂ ਉਸਤਤਿ ਪ੍ਰਗਟ ਹੋਈ ਸੀ।

ਮਨ ਨੂੰ ਸ਼ਾਤ ਕਰਨ ਵਾਲਾ ਸੰਗੀਤ ਹੀ ਸੱਚਾ ਸੰਗੀਤ ਹੈ। ਗੁਰਬਾਣੀ ਸਹੁ ਦੇ ਉਚਾਰੇ ਬਚਨ ਹਨ। ਇਸ ਸਚੀ ਬਾਣੀ ਨੂੰ ਸੱਚੇ ਸੰਗੀਤ ਵਿਚ ਜਦੋਂ ਗਾਇਆ ਜਾਂਦਾ ਹੈ ਤਾਂ ਸਚੁ ਨਾਲ ਸਖਿਆਤਕਾਰ ਕਰਨਾ ਸੁਖਾਲਾ ਹੋ ਜਾਂਦਾ ਹੈ। ਚਰਣ ਸ਼ਰਣ ਗੁਰਦੇਵ ਵੱਲੋਂ ਇਕ ਪੜਾਵ ਕੀਰਤਨ ਨਾਲ ਹੀ ਤੁਰਿਆ ਜਾਏ ਤਾਂ ਹੀ ਸਤਿਗੁਰ ਕੋਟਿ ਪੜਾਵ ਤੈ ਕਰਕੇ ਸਾਧਕ ਨੂੰ ਅੱਗੇ ਲੈਣ ਆ ਜਾਂਦਾ ਹੈ। ਸਤਿਗੁਰ ਸਿੱਖ ਨੂੰ ਅੰਮ੍ਰਿਤ ਦਾ ਪਿਆਲਾ ਪਿਆ ਕੇ ਗੁਰੂ ਚੇਲੇ ਦੀ ਸੰਧੀ ਕਰ ਲੈਂਦਾ ਹੈ - ਗੁਰ ਚੇਲੇ ਕੀ ਸੰਧਿ ਮਿਲਾਏ॥ (877) ਇਹੋ ਸੱਚਾ ਯੋਗ ਹੈ) ਗੁਰ ਚਰਣੀ ਲਾਗੀ ਸਹਿਜ ਜਾਗੀ ਸਗਲ ਇਛਾ ਪੁੰਨੀਆ (846)

ਗੁਰੂ ਕਾ ਸ਼ਬਦ (ਨਾਮ ਗੁਰਮੰਤਰ) ਅਤੇ ਗੁਰ ਕਾ ਸ਼ਬਦ (ਗੁਰਬਾਣੀ ਉਪਦੇਸ) ਦਾ ਮਹਾਰਸ ਚੱਖਣ ਤੋਂ ਬਗੈਰ ਇਸਦੇ ਸੁਆਦ ਦਾ ਅਨੁਮਾਨ ਨਹੀਂ ਹੋ ਸਕਦਾ।

ਗੁਰ ਕਾ ਸਬਦੁ ਮਹਾਰਸੁ ਮੀਠਾ ਬਿਨ ਚਾਖੇ ਸਾਦੁ ਨ ਜਾਪੈ॥ (753)

ਗਾਇਨ ਸ੍ਰਵਣ ਦਾ ਪਹਿਲਾ ਸਿਧਾਂਤ ਹੈ ਮਨ ਕਰਕੇ ਸੁਣਿਆ ਜਾਏ ਤਾਂ ਹੀ ਸਾਰਥਕ ਹੁੰਦਾ ਹੈ। ਇਸ ਗਾਇਣ ਨੂੰ ਸੁਣਨ ਸਮੇਂ ਸਰੋਤਾ ਰਸਨਾ ਹਿਲਾ ਕੇ ਸ਼ਬਦ ਦਾ ਗਾਇਨ ਕਰੇ ਤਾਂ ਸਰੋਤਾ ਬਿਰਤੀ ਪਰਪੱਕ ਹੋ ਜਾਂਦੀ ਹੈ।

ਸੁਣਿ ਸਾਜਨ ਪ੍ਰੇਮ ਸੰਦੇਸਰਾ ਅਖੀ ਤਾਰ ਲਗੰਨਿ॥ (302)

ਸੁਣਹਿ ਵਖਾਣਹਿ ਜੇਤੜੇ ਹਉ ਤਿਨ ਬਲਿਹਾਰੈ ਜਾਉ॥ (790)

ਗੁਰਮਤਿ ਸਾਰਥਕਤਾ ਪ੍ਰਾਪਤ ਕਰਨ ਲਈ ਅਜਿਹੀ ਬੇਨਤੀ ਕਰਨੀ ਜ਼ਰੂਰੀ ਹੈ।

ਗਾਵਉ ਗੁਣ ਕੀਰਤਨ  ਨਿਤ ਸੁਆਮੀ ਕਰਿ ਕਿਰਪਾ ਨਾਨਕ ਦੀਜੈ ਦਾਨੁ। (827)

ਇਹ ਗਾਇਣ ਸ੍ਰਵਣ ਵਿਧਾ ਨਵਧਾ ਭਗਤੀ ਦੇ ਦੋ ਅੰਗ ਹਨ ਤੇ ਇਹਨਾਂ ਦੀ ਸਾਰਥਕਤਾ ਆਪਾ ਪਛਾਣ ਤੋਂ ਬਗੈਰ ਸਿੱਧ ਨਹੀਂ ਹੁੰਦੀ-ਭਾਵਹਿ ਗੀਤ ਨ ਦੀਨਹਿ ਆਪੁ। " (903)

ਗੁਰਪ੍ਰਸਾਦਿ ਨਾਲ ਸੱਚਾ ਕੀਰਤਨ ਇਹ ਹੈ-ਗਾਵਣਿ ਗਾਵਹਿ ਜਿਨ ਨਾਮ ਪਿਆਰੁ॥ (1581)

ਹਉਮੈ ਤਿਆਗ ਕੇ ਹੁਕਮ ਵਿਚ ਕੀਤਾ ਕੀਰਤਨ-ਗਾਵਣੁ ਸੁਣਨ ਸਭ ਤੇਰਾ ਭਾਣਾ (1270) ਨਜ਼ਰੇ ਮੰਜੂਰ ਬਣ ਜਾਂਦਾ ਹੈ।

C/o Gurdial Singh Rajinder Singh , # 162-a, Grain Market, Sector 26 , Chandigarh

**THE SIKH REVIEW**
**(A Monthly Magazine)**

**116, Karnani Mansion**
**25-A, Park Street, Kolkata**

**Now you can read Amrit Kirtan**
**& Download Kirtan of Dr. Jagir Singh from**
**www.amritkirtan.com**

**Send this information to your friends**

# ਭਾਰਤੀ ਸੰਗੀਤ ਸਿਖਿਆ ਦਾ ਅਸਲੀ ਸਵਰੂਪ: ਗੁਰੂਸ਼ਿਸ਼ ਪਰਪੰਰਾ ਜਾਂ ਸੰਸਥਾਗਤ ਸਿਖਿਆ ਪ੍ਰਣਾਲੀ

**ਰਿਸ਼ਪਾਲ ਸਿੰਘ**
ਐਮ.ਏ., ਐਮ.ਫਿਲ.,ਨੈੱਟ (ਸੰਗੀਤ), ਸੰਗੀਤ ਵਿਸ਼ਾਰਦ,

ਆਰੰਭ ਤੋਂ ਹੀ ਸੰਗੀਤ ਨੂੰ ਗੁਰੂ-ਮੁਖੀ ਵਿਦਿਆ ਦਾ ਸਥਾਨ ਹਾਸਿਲ ਹੈ। ਸੰਗੀਤ ਵਿੱਚ ਗੁਰੂ ਅਤੇ ਸ਼ਿਸ਼ ਦੇ ਰਿਸ਼ਤੇ ਨੂੰ ਬਹੁਤ ਹੀ ਪਵਿੱਤਰ ਮੰਨਿਆ ਜਾਂਦਾ ਰਿਹਾ ਹੈ। ਗੁਰੂ ਅਤੇ ਸ਼ਿਸ਼ ਦਾ ਪਵਿੱਤਰ ਰਿਸ਼ਤਾ ਜਦੋ ਲਗਾਤਾਰ ਤਿੰਨ ਪੀੜ੍ਹੀਆਂ ਤੱਕ ਦਾ ਸ.ਫ਼ਰ ਤੈਅ ਕਰ ਲੈਂਦਾ ਹੈ ਤਾਂ ਇੱਕ ਘਰਾਣੇ ਦਾ ਜਨਮ ਹੁੰਦਾ ਹੈ। ਸੰਸਥਾਗਤ ਸਿਖਿਆ ਪ੍ਰਣਾਲੀ ਵਿੱਚ ਸੰਗੀਤ ਦੀ ਹੋਂਦ ਸਥਾਪਿਤ ਹੋਣ ਤੋਂ ਪਹਿਲਾਂ ਸੰਗੀਤ ਦੀ ਸਿਖਿਆ ਘਰਾਣਿਆਂ ਅਧੀਨ ਦਿਤੀ ਜਾਂਦੀ ਸੀ ਪਰੰਤੂ ਸੰਗੀਤ ਦੇ ਮਹਾਨ ਵਿਦਵਾਨ ਪੰਡਿਤ ਵਿਸ਼ਨੂੰ ਨਰਾਇਣ ਭਾਤਖੰਡੇ ਅਤੇ ਪੰਡਿਤ ਵਿਸ਼ਨੂੰ ਦਿਸੰਬਰ ਪਲੁਸਕਰ ਦੇ ਅਣਥੱਕ ਯਤਨਾਂ ਸਦਕਾ ਸੰਗੀਤ ਨੂੰ ਸੰਸਥਾਗਤ ਸਿਖਿਆ ਪ੍ਰਣਾਲੀ ਵਿੱਚ ਸੁੰਤਤਰ ਹੋਂਦ ਸਥਾਪਿਤ ਕਰਨ ਦਾ ਅਵਸਰ ਪ੍ਰਾਪਤ ਹੋਇਆ। ਜਿਸ ਕਰਕੇ ਸੰਗੀਤ ਦੀ ਸਿਖਿਆ ਨੂੰ ਸੰਸਥਾਗਤ ਸਿਖਿਆ ਪ੍ਰਣਾਲੀ ਵਿੱਚ ਇਕ ਵਿਸ਼ੇ ਵਜੋਂ ਮਾਨਤਾ ਮਿਲੀ। ਅਤੀਤ ਦੇ ਸ.ਫ਼ਰ ਦੀ ਗੱਲ ਕਰੀਏ ਤਾਂ ਪ੍ਰਾਚੀਨ ਸਮੇਂ ਤੋਂ ਵਰਤਮਾਨ ਤਕ ਸੰਗੀਤ ਸਿਖਿਆ ਨੇ ਕਈਂ ਕਠੋਰ ਨਿਯਮ ਅਤੇ ਪੜਾਅ ਤੈਅ ਕੀਤੇ ਹਨ। ਸੰਗੀਤ ਦੀ ਸਿਖਿਆ ਪ੍ਰਣਾਲੀ ਦੇ ਦੋਵਾਂ ਢੰਗਾਂ ਦੇ ਸਕਾਰਾਤਮਕ ਅਤੇ ਨਾਕਾਰਤਮਕ ਪੱਖਾਂ ਦਾ ਵਿਵੇਚਨ ਕਰਨਾ ਭਵਿੱਖ ਦੀ ਜਰੂਰਤ ਜਾਪਦੀ ਹੈ। ਘਰਾਣਾ ਪਰੰਪਰਾ ਦੀ ਗੱਲ ਕਰੀਏ ਤਾਂ ਘਰਾਣਾ ਪਰੰਪਰਾ ਵਿੱਚ ਸੰਗੀਤ ਦੀ ਸਿਖਿਆ ਪ੍ਰਾਪਤ ਕਰਨੀ ਆਸਾਨ ਨਹੀ ਸੀ। ਸੰਗੀਤ ਸਿਖਿਆ ਪ੍ਰਾਪਤ ਕਰਨ ਲਈ ਕਈ ਕਠਿਨਾਈਆਂ ਦਾ ਸਾਹਮਣਾ ਕਰਨਾ ਪੈਂਦਾ ਸੀ। ਗੁਰੂ ਵੀ ਆਪਣੀ ਇੱਛਾ ਅਨੁਸਾਰ ਹੀ ਵਿਦਿਆਰਥੀ ਨੂੰ ਸ਼ਿਸ਼ਾਂ ਦੇ ਰੂਪ ਵਿੱਚ, ਕਈ ਵਰਗਾਂ ਅਨੁਸਾਰ ਵੰਡਕੇ ਸੰਗੀਤ ਦੀ ਸਿਖਿਆ ਪ੍ਰਦਾਨ ਕਰਦੇ ਸੀ। ਗੁਰੂ-ਸ਼ਿਸ਼ ਦੇ ਰਿਸ਼ਤੇ ਦੀ ਨੀਹ ਗੁਰੂ ਦੀ ਇਛਾ ਸ਼ਕਤੀ ਉਪਰ ਨਿਰਭਰ ਕਰਦੀ ਸੀ। ਗੁਰੂ ਜਿਸ ਨੂੰ ਚਾਵੇ ਆਪਣਾ ਸ਼ਾਗਿਰਦ ਬਣਾ ਲਵੇ, ਜਿਸਨੂੰ ਚਾਹੇ ਅਸਵੀਕਾਰ ਕਰ ਦਵੇ। ਵਿਦਿਆਰਥੀ ਨੂੰ ਗੁਰੂਦਾ ਮੰਨ ਜਿੱਤਣ ਲਈ ਤਨੋ-ਮਨੋ ਤਪਸਿਆ ਕਰਨੀ ਪੈਂਦੀ ਸੀ ਤਾਂ ਕਿ ਉਹ ਸੰਗੀਤ ਰੂਪ ਸਾਗਰ ਵਿੱਚੋਂ ਕੁਝ ਗਿਆਨ ਦੀਆਂ ਬੂੰਦਾਂ ਪ੍ਰਾਪਤ ਕਰ ਸਕੇ। ਘਰਾਣਿਆਂ ਦੀ ਕੱਟੜਤਾ ਕਾਰਨ ਇਕ ਘਰਾਣੇ ਦੇ ਕਲਾਕਾਰ ਦਾ ਗਾਇਨ ਜਾਂ ਵਾਦਨ ਦੂਜੇ ਘਰਾਣੇ ਦੇ ਸਿਖਾਂਦਰੂ ਨਹੀ ਸੁਣ ਸਕਦੇ ਸਨ, ਨਾਂ ਹੀ ਦੂਜੇ ਘਰਾਣੇ ਦੀਆਂ ਵਿਸ਼ੇਸ਼ਤਾਵਾਂ ਪ੍ਰਾਪਤ ਕਰ ਸਕਦੇ ਹਨ। ਘਰਾਣਿਆਂ ਵਿੱਚ ਸੰਗੀਤ ਦਾ ਕਿਰਿਆਤਮਕ ਪੱਖ ਜਿਆਦਾ ਪ੍ਰਬਲ ਰਿਹਾ ਹੈ, ਸੰਗੀਤ ਦੇ ਸਿਧਾਂਤਿਕ ਪੱਖ ਦੀ ਸਾਂਭ ਸੰਭਾਲ ਲਈ ਘਰਾਣਿਆਂ ਨੇ ਆਪਣਾ ਕੋਈ ਵਿਸ਼ੇਸ਼ ਯੋਗਦਾਨ ਨਹੀ ਦਿੱਤਾ। ਘਰਾਣਾ ਪੰਰਪਰਾ ਵਿਚ ਕਿਰਿਆਤਮਕ ਪੱਖ ਉਪਰ ਜਿਆਦਾ ਜੋਰ ਦਿਤਾ ਜਾਂਦਾ ਰਿਹਾ ਜਦਕਿ ਦੇਖਿਆ ਜਾਵੇ ਤਾਂ ਸਿਧਾਂਤਿਕ ਪੱਖ ਤੋਂ ਬਿਨਾਂ ਕਿਸੇ ਵੀ ਵਿਸ਼ੇ ਦੀ ਹੋਂਦ ਸੰਭਵ ਨਹੀ। ਘਰਾਣਿਆਂ ਦੀ ਇਸੇ ਸੰਕੋਚ ਦ੍ਰਿਸ਼ਟੀ ਕਾਰਨ ਹੀ ਸੰਗੀਤ ਦੀ ਸਿਖਿਆ ਗੁਰੂਸ਼ਿਸ਼ ਪਰੰਪਰਾ ਤੋਂ ਸੰਸਥਾਗਤ ਸਿਖਿਆ ਪ੍ਰਣਾਲੀ ਵਿਚ ਤਬਦੀਲ ਹੋਈ ਜਿਸਦਾ ਸਿਹਰਾ ਸੰਗੀਤ ਦੇ ਮਹਾਨ ਵਿਦਵਾਨਾਂ ਵਿਸ਼ਨੂੰ ਨਰਾਇਣ ਭਾਤਖੰਡੇ ਅਤੇ ਵਿਸ਼ਨੂੰ ਦਿਗੰਬਰ ਪਲੁਸਕਰ ਨੂੰ ਜਾਂਦਾ ਹੈ। ਇਹਨਾਂ ਮਹਾਨ ਪੁਰਸ਼ਾਂ ਦੇ ਯਤਨਾਂ ਸਦਕਾ ਸੰਗੀਤ ਸਿਖਿਆ ਨੇ ਖਾਸ ਵਰਗ ਤੋਂ ਲੈ ਕੇ ਆਮ ਵਰਗ ਤਕ ਦਾ ਸਫਰ ਤੈਅ ਕੀਤਾ। (ਵਰਗ ਤੋਂ ਭਾਵ ਘਰਾਣਾ ਪਰਪੰਰਾ ਵਿੱਚ ਸੰਗੀਤ ਦੀ ਸਿਖਿਆ ਤਿੰਨ ਰੂਪ ਵਿੱਚ ਦਿਤੀ ਜਾਂਦੀ ਸੀ ਖਾਸੁਲ ਖਾਸ, ਖਾਸ ਅਤੇ ਆਮ ਵਰਗ) ਸੰਸਥਾਗਤ ਸਿਖਿਆ ਪ੍ਰਣਾਲੀ ਤਹਿਤ ਸੰਗੀਤ ਦੀ ਸਿਖਿਆ ਦੀ ਗੱਲ ਕਰੀਏ ਤਾਂ ਸਿਖਿਆ ਸੰਸਥਾਵਾਂ ਨੇ ਸੰਗੀਤ ਦੇ ਵਿਕਾਸ ਅਤੇ ਪਰਸਾਰ ਵਿਚ ਮਹੱਤਵਪੂਰਨ ਯੋਗਦਾਨ ਦਿਤਾ ਹੈ। ਜਿਸ ਕਰਕੇ ਸੰਗੀਤ ਖਾਸ ਵਰਗ ਤੋਂ ਉਠਕੇ ਆਮ ਵਰਗ ਤਕ ਪਹੁੰਚਿਆ। ਜਿੱਥੇ ਹਰ ਵਰਗ ਦੇ ਸੰਗੀਤ ਵਿਦਿਆਰਥੀ ਨੂੰ ਸੰਗੀਤ ਦੀ ਸਿਖਿਆ ਦਿਤੀ ਜਾਂਦੀ ਰਹੀ ਹੈ ਕਿਉਂਕਿ ਸੰਗੀਤ ਸਿਖਿਆ ਸੰਸਥਾਵਾਂ ਵਿੱਚ ਘਰਾਣਾ ਪਰਪੰਰਾ ਜਿਹੇ ਕਠੋਰ ਨਿਯਮ ਨਹੀ ਵਰਤੇ ਜਾਂਦੇ ਸਗੋਂ ਹਰ ਇੱਕ ਸੰਗੀਤ ਵਿਦਿਆਰਥੀ ਨੂੰ ਸੰਗੀਤ ਦੀ ਸਿਖਿਆ ਪਾਪਤ ਕਰਨ ਦੀ ਬਰਾਬਰ ਅਵਸਰ ਪ੍ਰਾਪਤ ਹੁੰਦਾ ਹੈ।

ਵਰਤਮਾਨ ਸਮੇਂ ਸਮੁਚੇ ਭਾਰਤ ਦੀਆਂ ਯੂਨੀਵਰਸਿਟੀਆਂ, ਉਚ-ਅਦਾਰੇ ਅਤੇ ਕਾਲਜਾਂ ਤੋਂ ਇਲਾਵਾ ਹੋਰ ਕਈ ਨਿਜੀ

ਸੰਸਥਾਵਾਂ ਰਾਹੀ ਸੰਗੀਤ ਦੀ ਸਿਖਿਆ ਦਿਤੀ ਜਾ ਰਹੀ ਹੈ। ਅੱਜ ਸੰਗੀਤ ਇੱਕ ਸੁੰਤਤਰ ਵਿਸ਼ੇ ਵਜੋਂ ਪ੍ਰਚਲਿਤ ਹੈ ਜਿਸ ਵਿੱਚ ਵਿਦਿਆਰਥੀ ਬੀ.ਏ., ਐਮ.ਏ., ਐਮ. ਫਿਲ ਆਦਿ ਦੀਆਂ ਡਿਗਰੀਆਂ ਪ੍ਰਾਪਤ ਤਾਂ ਕਰ ਹੀ ਰਹੇ ਹਨ ਸਗੋਂ ਪੀ.ਐਚ.ਡੀ. ਅਧੀਨ ਸੰਗੀਤ ਵਿਸ਼ੇ ਉਪਰ ਅਨੇਕ ਵਿਦਿਆਰਥੀ ਖੋਜ ਕਰ ਰਹੇ ਹਨ। ਜਿਸ ਨਾਲ ਸੰਗੀਤ ਦੇ ਅਨੇਕ ਨਵੇਂ ਖੇਤਰਾਂ ਦੀ ਪਹਿਚਾਣ ਬਣਦੀ ਜਾਪਦੀ ਹੈ। ਪ੍ਰਾਚੀਨ ਸਮੇਂ ਸਿਰਫ਼ ਸ਼ਾਸਤਰੀ ਸੰਗੀਤ ਦੇ ਗਾਇਕ ਜਾਂ ਵਾਦਕਾਂ ਨੂੰ ਹੀ ਸੰਗੀਤਕਾਰ ਮੰਨਿਆ ਜਾਂਦਾ ਸੀ, ਪਰੰਤੂ ਵਰਤਮਾਨ ਵਿੱਚ ਸੰਗੀਤ ਦਾ ਇਕ ਵਿਸ਼ੇ ਵਜੋਂ ਪ੍ਰਚਲਿਤ ਹੋਣ ਨਾਲ ਕਈਂ ਸੰਗੀਤ ਵਿਧਾ ਸਾਹਮਣੇ ਆਈਆਂ ਜਿਵੇਂ ਸੁਗਮ ਸੰਗੀਤ, ਫਿਲਮੀ ਸੰਗੀਤ ਆਰਕੈਸਟਰਾ ਆਦਿ। ਅੱਜ ਸੰਗੀਤ ਦੇ ਵੱਖ-ਵੱਖ ਖੇਤਰਾਂ ਵਿੱਚ ਨਵੇਂ-ਨਵੇਂ ਤਜੁਰਬੇ ਕੀਤੇ ਜਾ ਰਹੇ ਹਨ। ਜਿਸ ਕਰਕੇ ਕਈ ਨਵੇਂ ਖੇਤਰ ਸਾਹਮਣੇ ਆਏ ਹਨ। ਇਥੇ ਇਹ ਵੀ ਵਰਨਣਯੋਗ ਹੈ ਕਿ ਇਹਨਾਂ ਤਜੁਰਬਿਆਂ ਦੇ ਕਾਰਨ ਸ਼ਾਸਤਰੀ ਸੰਗੀਤ ਦਾ ਪ੍ਰਭਾਵ ਘੱਟਦਾ ਜਾਪਦਾ ਹੈ ਜੋ ਕਿ ਇੱਕ ਚਿੰਤਾ ਦਾ ਵਿਸ਼ਾ ਵੀ ਹੈ। ਵਰਤਮਾਨ ਸਮੇਂ ਬਹੁਤ ਸੰਗੀਤ ਸਿਖਿਅਕ ਸਿਰਫ਼ ਕਾਗਜ਼ ਦੇ ਟੁਕੜਿਆ (ਡਿਗਰੀਆਂ) ਦੀ ਖਾਤਰ ਸੰਗੀਤ ਵਿਸ਼ੇ ਦੀ ਚੋਣ ਕਰਦੇ ਹਨ, ਉਹਨਾਂ ਦਾ ਮੂਲ ਮੰਤਵ ਡਿਗਰੀਆਂ ਪ੍ਰਾਪਤ ਕਰਕੇ ਸੰਗੀਤ ਨੂੰ ਸਿਰਫ਼ ਆਪਣੀ ਉਪਜੀਵਿਕਾ ਦਾ ਸਾਧਨ ਬਣਾਉਣਾ ਹੈ ਨਾ ਕਿ ਸੰਗੀਤ ਦੀ ਵਿਧੀਵਤ ਸਿਖਿਆ ਪ੍ਰਾਪਤ ਕਰਨਾ। ਵਰਤਮਾਨ ਸਮੇਂ ਦੀ ਗੱਲ ਕਰੀਏ ਤਾਂ ਬਹੁਤ ਘੱਟ ਗਿਣਤੀ ਦੇ ਵਿਦਿਆਰਥੀ ਸੰਗੀਤ ਨੂੰ ਗੁਰੂ-ਸ਼ਿਸ਼ ਪਰੰਪਰਾ ਦੇ ਪਵਿੱਤਰ ਬੰਧਨ ਰਾਹੀਂ ਸਵੀਕਾਰਦੇ ਹਨ, ਸਿਰਫ਼ ਸਿਖਿਆ ਸੰਸਥਾਵਾਂ ਰਾਂਹੀ ਹੀ ਕੁੱਝ ਰਾਗ ਸਿਖਕੇ ਸੰਗੀਤਕਾਰ ਬਨਣਾ ਚਾਹੁੰਦੇ ਹਨ ਜੋ ਕਿ ਅਧੂਰਾ ਜਿਹਾ ਜਾਪਦਾ ਹੈ। ਵਰਤਮਾਨ ਸਮੇਂ ਵੀ ਕਈਂ ਘਰਾਣੇਦਾਰ ਕਲਾਕਾਰ ਜਿਵੇਂ ਪੰਡਿਤ ਸੋਮਦੱਤ ਬੱਟੂ, ਪੰਡਿਤ ਯਸ਼ਪਾਲ ਚੰਡੀਗੜ੍ਹ, ਸ਼੍ਰੀ ਬਲਦੇਵ ਰਾਜ ਵਰਮਾ, ਸ਼੍ਰੀ ਬਲਦੇਵ ਸ਼ਰਨ ਨਾਰੰਗ, ਪ੍ਰੋ: ਹਰੀਦੇਵ, ਪ੍ਰੋ: ਜਗਜੀਤ ਵਾਲੀਆ ਆਦਿ ਆਪਣੇ-ਆਪਣੇ ਘਰਾਣੇ ਦੀ ਸਿਖਿਆ ਸੰਗੀਤ ਸਿਖਾਦਰੂਆਂ ਨੂੰ ਪ੍ਰਦਾਨ ਕਰ ਰਹੇ ਹਨ। ਇਸ ਦੇ ਨਾਲ ਹੀ ਪੰਜਾਬ ਅਧੀਨ ਸੰਗੀਤ ਸਿਖਿਆ ਸੰਸਥਾਵਾਂ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਅਤੇ ਗੁਰੂਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਸਭ ਤੋਂ ਮੋਹਰੀ ਹਨ ਜਿਹਨਾਂ ਨਾਲ ਸੰਬੰਧਿਤ ਕੁਝ ਮੁੱਖ ਕਾਲਜਾਂ ਵਿੱਚ ਵੀ ਸੰਗੀਤ ਦੀ ਸਿਖਿਆ ਇਕ ਵਿਸ਼ੇ ਵਜੋਂ ਦਿਤੀ ਜਾ ਰਹੀ ਹੈ, ਪਰੰਤੂ ਇਹਨਾਂ ਕਾਲਜਾਂ ਦੀ ਗਿਣਤੀ ਕੋਈ ਬਹੁਤੀ ਨਹੀ ਹੈ। ਕੁਝ ਸਰਕਾਰੀ ਕਾਲਜਾਂ ਵਿੱਚ ਤਾਂ ਸਰਕਾਰ ਦੀ ਮੇਹਰਬਾਨੀ ਸਦਕਾਂ ਸੰਗੀਤ ਵਿਸ਼ੇ ਨੂੰ ਖਤਮ ਕਰ ਦਿੱਤਾ ਗਿਆ ਹੈ, ਸੰਗੀਤ ਆਸਾਮੀਆਂ ਖਤਮ ਕਰ ਦਿਤੀਆਂ ਗਈਆਂ ਹਨ ਮਾਣ ਦੀ ਗੱਲ ਇਹ ਹੈ ਕਿ ਅੱਜ ਪੰਜਾਬ ਦੀਆਂ ਯੂਨੀਵਰਸਿਟੀਆਂ ਵਿੱਚ ਪ੍ਰੋ: ਗੁਰਨਾਮ ਸਿੰਘ, ਪ੍ਰੋ: ਯਸ਼ਪਾਲ ਸ਼ਰਮਾ, ਡਾ: ਨਿਵੇਦਿਤਾ ਉਪੱਲ, ਡਾ: ਪੰਕਜ ਮਾਲਾ, ਡਾ:ਸਰੋਜ ਘੋਸ਼, ਡਾ: ਨੀਲਮ ਪਾਲ, ਪ੍ਰੋ: ਨਵਜੋਤ ਕੌਰ ਕਸੇਲ, ਡਾ: ਅਰਵਿੰਦ ਸ਼ਰਮਾਂ, ਡਾ: ਹਰਵਿੰਦਰ ਸਿੰਘ, ਡਾ: ਅੰਲਕਾਰ ਸਿੰਘ ਜਿਹੇ ਮਹਾਨ ਘਰਾਣੇਦਾਰ ਸੰਗੀਤਕਾਰ ਆਪਣੇ-ਆਪਣੇ ਘਰਾਣੇ ਦੀ ਗਾਇਕੀ ਸੰਗੀਤ ਦੇ ਵਿਦਿਆਰਥੀਆਂ ਨੂੰ ਪ੍ਰਦਾਨ ਕਰ ਰਹੇ ਹਨ ਅਤੇ ਸੰਗੀਤ ਦੇ ਕਈ ਅਣਗੋਲੇ ਵਿਸ਼ਿਆ ਉਪਰ ਖੋਜ ਕਾਰਜ ਵੀ ਕਰਵਾ ਰਹੇ ਹਨ ਜੋ ਕਿ ਸੰਗੀਤ ਦੇ ਸ਼ਾਸਤਰ ਅਤੇ ਕਿਰਿਆਤਮਕ ਦੋਵਾਂ ਪੱਖਾਂ ਵਿੱਚ ਨਿਪੁੰਨ ਹਨ।

ਉਪਰੋਕਤ ਵਿਚਾਰਾਂ ਉਪਰ ਚਰਚਾ ਕਰਨ ਤੋਂ ਬਾਅਦ ਅਜਿਹਾ ਮਹਿਸੂਸ ਹੁੰਦਾ ਹੈ ਕਿ ਸੰਗੀਤ ਦੀ ਸਿਖਿਆ ਪ੍ਰਾਪਤ ਕਰਨ ਹਿੱਤ ਗੁਰੂਸ਼ਿਸ਼ ਪਰੰਪਰਾ ਦਾ ਆਪਣਾ ਵੱਖਰਾ ਸਥਾਨ ਹੈ ਅਤੇ ਸੰਸਥਾਗਤ ਸਿਖਿਆ ਪ੍ਰਣਾਲੀ ਦਾ ਆਪਣਾ ਵਿਸ਼ੇਸ਼ ਮਹੱਤਵ ਹੈ। ਅੱਜ ਸਿਖਿਆ ਸੰਸਥਾਵਾਂ ਵਿੱਚ ਸੰਗੀਤ ਦੇ ਦੋਵੇਂ ਪੱਖ ਪ੍ਰਬਲ ਹਨ ਜਦਕਿ ਘਰਾਣਾ ਪਰੰਪਰਾ ਵਿੱਚ ਸੰਗੀਤ ਦਾ ਕਿਰਿਆਤਮਕ ਪੱਖ ਪ੍ਰਬਲ ਰਿਹਾ ਹੈ। ਮੈਂ ਇਕ ਸੰਗੀਤ ਵਿਦਿਆਰਥੀ ਹੋਣ ਕਰਕੇ ਅਜਿਹਾ ਮਹਿਸੂਸ ਕਰਦਾ ਹਾਂ ਕਿ ਜੇਕਰ ਸੰਗੀਤ ਦੀ ਸਿਖਿਆ ਪ੍ਰਾਪਤ ਕਰਨ ਲਈ ਗੁਰੂ-ਸ਼ਿਸ਼ ਪਰੰਪਰਾ ਅਤੇ ਸੰਸਥਾਗਤ ਸਿਖਿਆ ਪ੍ਰਣਾਲੀ ਦੋਵਾਂ ਢੰਗਾ ਦਾ ਸੁਮੇਲ ਹੋਵੇ, ਤਾਂ ਭਾਰਤੀ ਸੰਗੀਤ ਦਾ ਭਵਿੱਖ ਸੁਨਿਹਰਾ ਹੋਵੇਗਾ ਅਤੇ ਅੰਤ ਵਿੱਚ ਮੈਂ ਪੰਜਾਬ ਰਾਜ ਦੀ ਸਰਕਾਰ ਨੂੰ ਅਪੀਲ ਕਰਦਾ ਹਾਂ ਕਿ ਸੰਗੀਤ ਜਿਹੀ ਕੋਮਲ ਕਲਾ ਦੇ ਵਿਕਾਸ ਲਈ ਕੁੱਝ ਅਜਿਹੇ ਯਤਨ ਅਰੰਭੇ ਜਿਸ ਦੀ ਸਹਾਇਤਾ ਨਾਲ ਇਹ ਕੋਮਲ ਕਲਾ ਦਾ ਦੀਵਾ ਸਿਖਿਆ ਸੰਸਥਾਵਾ ਵਿੱਚ ਹਮੇਸ਼ਾ ਜਗਦਾ ਰਹੇ।

ਪਿੰਡ ਨੂਰਪੁਰਾ, ਤਹਿ: ਪਾਤੜਾਂ, ਜਿਲ੍ਹਾ ਪਟਿਆਲਾ, ਮੋ: 9915105008

# ਸਿੱਖ ਪੰਥ ਦਾ ਅਦੁੱਤੀ ਕੀਰਤਨੀਆ : ਭਾਈ ਕਿਸ਼ਨ ਸਿੰਘ ਜੀ 'ਪ੍ਰਵਾਨਾ'

ਦਿਆਲ ਸਿੰਘ

ਯੂ ਪੀ ਪ੍ਰਾਂਤ ਦੇ ਜ਼ਿਲ੍ਹਾ ਮੁਜ਼ੱਫਰ ਨਗਰ ਤੋਂ ਪੰਜ ਮੀਲ ਪੂਰਵ ਵੱਲ ਇਕ ਪਿੰਡ ਹੈ ਮੁਖੀਆਲੀ। ਇੱਥੋਂ ਦੇ ਨਿਵਾਸੀ ਗਿ. ਜਗਜੀਤ ਸਿੰਘ ਜੀ ਸਿੱਖ ਧਰਮ ਦੇ ਮਹਾਨ ਪ੍ਰਚਾਰਕ ਹੋਏ ਹਨ, ਆਪ ਨੇ 'ਖਾਲਸਾ ਪ੍ਰਚਾਰਕ ਵਿਦਿਆਲਾ' ਤਰਨ ਤਾਰਨ ਤੋਂ ਗੁਰਮਤਿ ਦੀ ਸਿੱਖਿਆ ਪ੍ਰਾਪਤ ਕਰਕੇ ਲਗਭਗ ਤੀਹ ਸਾਲ ਜ਼ਿਲਾ ਮੇਰਠ, ਮੁਜ਼ੱਫਰਨਗਰ, ਸਹਾਰਨਪੁਰ, ਬਿਜਨੌਰ ਤੇ ਮੁਰਾਦਾਬਾਦ ਦੇ ਪਿੰਡਾਂ ਵਿਚ ਸਿੱਖ ਧਰਮ ਦਾ ਪ੍ਰਚਾਰ ਕੀਤਾ ਅਤੇ ਸੈਂਕੜੇ ਪ੍ਰਾਣੀਆਂ ਨੂੰ ਅੰਮ੍ਰਿਤਪਾਨ ਕਰਵਾ ਕੇ ਗੁਰੂ ਵਾਲੇ ਬਣਾਇਆ। ਸਿੱਖੀ ਪ੍ਰਚਾਰ ਲਈ ਅਥਾਹ ਲਗਨ ਤੇ ਉਤਸ਼ਾਹ ਹੋਣ ਕਰਕੇ ਹੀ ਉਹਨਾਂ ਆਪਣੇ ਸਪੁੱਤਰ ਭਾਈ ਕਿਸ਼ਨ ਸਿੰਘ ਨੂੰ ਸੰਨ 1930 ਵਿਚ 'ਗੁਰਮਤਿ ਵਿਦਿਆਲਾ' ਗੁ: ਰਕਾਬ ਗੰਜ, ਦਿੱਲੀ ਵਿਖੇ ਗੁਰਮਤਿ ਤੇ ਕੀਰਤਨ ਸਿੱਖਣ ਲਈ ਦਾਖਲ ਕਰਵਾਇਆ। ਭਾਈ ਕਿਸ਼ਨ ਸਿੰਘ ਬਚਪਨ ਤੋਂ ਹੀ ਚੰਗੇ ਹੁਸ਼ਿਆਰ ਤੇ ਲੋਕ ਗੀਤ ਗਾਉਣ ਦਾ ਸ਼ੌਕ ਰੱਖਦੇ ਸਨ। ਸੋ, ਆਪ ਇਕ ਸਾਲ ਵਿਚ ਚੰਗਾ ਕੀਰਤਨ ਕਰਨ ਲੱਗ ਪਏ। ਇੰਝ 1936 ਤੱਕ ਸਿੱਖਿਆ ਪ੍ਰਾਪਤੀ ਦੇ ਨਾਲ 'ਗੁਰੂ ਨਾਨਕ ਵਿੱਦਿਆ ਭੰਡਾਰ ਟ੍ਰਸਟ, ਦਿੱਲੀ' ਵੱਲੋਂ ਕੀਤੇ ਜਾ ਰਹੇ ਸਿੱਖ ਧਰਮ ਦੇ ਪ੍ਰਚਾਰ ਲਈ ਸਮੇਂ ਸਮੇਂ ਪ੍ਰਚਾਰ ਦੌਰਿਆਂ 'ਤੇ ਜਾਣ ਕਰਕੇ ਆਪ ਜੀ ਨੂੰ ਕੀਰਤਨ ਤੇ ਵਖਿਆਨ ਕਰਨ ਦਾ ਚੰਗਾ ਅਨੁਭਵ ਹੋ ਗਿਆ ਸੀ। ਗੁਰਮਤਿ ਵਿਦਿਆਲਾ ਦੇ ਇੰਚਾਰਜ ਗਿਆਨੀ ਹਰਦਿੱਤ ਸਿੰਘ ਜੀ ਗੁਰਮਤਿ ਸੰਗੀਤ ਦੇ ਉਸਤਾਵ ਵੀ ਸਨ ਅਤੇ ਇਕ ਅਨੁਭਵੀ ਪ੍ਰਚਾਰਕ ਵੀ। ਸੋ, ਆਪ ਜੀ ਨੇ ਪੰਜਾਬ ਦੇ ਢਾਢੀ ਸਿੰਘਾਂ ਵਾਂਗ ਯੂ ਪੀ. ਵਿਖੇ ਸਿੱਖ ਧਰਮ ਦਾ ਪ੍ਰਚਾਰ ਕਰਨ ਲਈ ਆਪਣੇ ਸ਼ਾਗਿਰਦਾਂ ਨੂੰ ਹਿੰਦੀ ਭਾਸ਼ਾ ਦੇ ਭਿੰਨ ਭਿੰਨ ਰੂਪਾਂ ਦੀ ਛੰਦ-ਬੰਦੀ ਵਿਚ ਇਤਿਹਾਸਕ ਪ੍ਰਸੰਗ ਤਿਆਰ ਕਰਕੇ ਹਰਿਆਣਵੀਂ ਤਰਜ਼ਾਂ (ਟਿਯੂਨਾਂ ਵਿਚ ਸਿਖਾਉਣੇ ਆਰੰਭ ਕੀਤੇ। ਇਸ ਕੰਮ ਲਈ ਜਿਹੜੇ ਰਾਗੀ ਜੱਥੇ ਤਿਆਰ ਕੀਤੇ ਗਏ ਉਹਨਾਂ ਵਿਚੋਂ ਭਾਈ ਕਿਸ਼ਨ ਸਿੰਘ ਦਾ ਜੱਥਾ ਸਿੱਖ ਪੰਥ ਵਿਚ, ਖਾਸ ਤੌਰ 'ਤੇ ਯੂ. ਪੀ. ਵਿਚ ਸਭ ਤੋਂ ਵੱਧ ਪ੍ਰਸਿੱਧ ਹੋਇਆ।

1937 ਵਿਚ ਆਪ ਜੀ ਦੇ ਰਾਗੀ ਜੱਥੇ ਨੂੰ ਗੁਰਮਤਿ ਵਿਦਿਆਲੇ ਵੱਲੋਂ 'ਗੁਰੂ ਨਾਨਕ ਧਰਮ ਪ੍ਰਚਾਰ ਦੀਵਾਨ' ਪੂਰਵੀ ਅਵਧ ਗੋਰਖਪੁਰ ਵਿਖੇ ਪ੍ਰਚਾਰ ਕਰਨ ਲਈ ਭੇਜਿਆ। ਉਥੇ ਜਾ ਕੇ ਆਪ ਜੀ ਨੇ ਗਿਆਨੀ ਅਜਮੇਰ ਸਿੰਘ ਜੀ (ਸਕੱਤਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ) ਦੇ ਸਹਿਯੋਗ ਨਾਲ ਦੋ ਸਾਲ ਤੱਕ ਗੁਰਮਤਿ ਦਾ ਪ੍ਰਚਾਰ ਕੀਤਾ ਅਤੇ ਇਕ ਸਾਲ ਸ੍ਰ. ਸਾਹਿਬ ਸ੍ਰੀ. ਅਰਜਨ ਸਿੰਘ ਜੀ ਪਾਸ ਟਾਟਾ ਨਗਰ ਵਿਖੇ ਕੀਰਤਨ ਸੇਵਾ ਕੀਤੀ।

ਸੰਨ 1941 ਵਿਚ ਮੇਰਠ, ਮੁਜ਼ੱਫਰਨਗਰ, ਸਹਾਰਨਪੁਰ, ਬਿਜਨੌਰ, ਮੁਰਾਦਾਬਾਦ ਦੇ ਕਸਬਾ 'ਗਜਰੌਲਾ' ਵਿਖੇ ਪ੍ਰਸਿੱਧ ਜੱਟ ਸਿੱਖ ਚੌਧਰੀ ਸਾਹਿਬਾਨ ਵੱਲੋਂ ਬੜੀ ਭਾਰੀ ਕਾਨਫਰੰਸ ਹੋਈ, ਜਿਸ ਵਿਚ ਗਿਆਨੀ ਹਰਦਿੱਤ ਸਿੰਘ, ਗਿ. ਬਾਦਲ ਸਿੰਘ, ਗਿ. ਸਾਧੂ ਸਿੰਘ ਜੀ ਤੋਂ ਇਲਾਵਾ ਸ੍ਰੀ. ਈਸ਼ਰ ਸਿੰਘ ਜੀ ਮਝੈਲ ਜੱਥੇਦਾਰ ਊਧਮ ਸਿੰਘ ਜੀ ਨਾਗੋਕੇ, ਪ੍ਰਿੰ. ਗੰਗਾ ਸਿੰਘ ਅਤੇ ਹੋਰ ਕਈ ਅਕਾਲੀ ਲੀਡਰ ਇਸ ਵਿਚ ਸ਼ਾਮਲ ਹੋਏ। ਇਲਾਕੇ ਦੇ ਚੌਧਰੀਆਂ ਤੇ ਲੀਡਰਾਂ ਨੇ ਸਰਬ ਸੰਮਤੀ ਨਾਲ ਇਹ ਪਤਾ ਪਾਸ ਕੀਤਾ ਕਿ ਸੰਨ 41 ਦੀ ਗਣ ਸੰਖਿਆ ਵਿਚ ਸਾਰੇ ਜੱਟ ਤੇ ਗੁਰੂ ਨਾਨਕ ਨਾਮ ਲੇਵਾ ਆਪਣੇ ਆਪ ਨੂੰ ਸਿੱਖ ਲਿਖਾਉਣ। ਇਸ ਕਾਨਫਰੰਸ ਵਿਚ ਭਾਈ ਕਿਸ਼ਨ ਸਿੰਘ ਜੀ ਦੇ ਰਾਗੀ ਜੱਥੇ ਨੇ ਪ੍ਰਭਾਵਸ਼ਾਲੀ ਕੀਰਤਨ ਕੀਤਾ ਅਤੇ ਹਿੰਦੀ ਕਵਿਤਾ ਵਿਚ ਹਰਿਆਣੇ ਦੀਆਂ ਤਰਜ਼ਾਂ 'ਤੇ ਸਿੱਖ ਇਤਿਹਾਸ ਸੁਣਾ ਕੇ ਸਾਰੇ ਸਰੋਤਿਆਂ ਨੂੰ ਮਨ ਮੁਗਧ ਕਰ ਦਿੱਤਾ। ਆਪ ਜੀ ਦੇ ਕੀਰਤਨ ਤੋਂ ਪ੍ਰਭਾਵਤ ਹੋ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਕਾਂ ਨੇ ਆਪ ਜੀ ਨੂੰ ਸਿੱਖ ਮਿਸ਼ਨ ਦਾ ਪ੍ਰਚਾਰ ਕਰਨ ਲਈ ਸਰਵਿਸ ਵਿਚ ਲੈ ਲਿਆ। ਉਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੇ ਆਪ ਜੀ ਦੇ ਰਾਗੀ ਜੱਥੇ ਨੂੰ ਅਲੀਗੜ੍ਹ ਕਾਨਫਰੰਸ ਲਈ ਪੇਸ਼ਾਵਰ, ਬੱਨੂ-ਕੋਹਾਟ, ਰਾਵਲ ਪਿੰਡੀ ਆਦਿ ਇਲਾਕਿਆਂ ਵਿਚ ਪ੍ਰਚਾਰ ਸੇਵਾ ਲਈ ਭੇਜਿਆ। ਇੰਝ ਅਲੀਗੜ੍ਹ

ਕਾਨਫਰੰਸ ਤੋਂ ਬਾਅਦ ਆਪ ਜੀ ਯੂ ਪੀ ਸਿੱਖ ਮਿਸ਼ਨ ਹਾਪੁੜ ਵੱਲੋਂ ਸਿੱਖ ਧਰਮ ਦਾ ਪ੍ਰਚਾਰ ਕਰਦੇ ਰਹੇ ਅਤੇ ਹਜ਼ਾਰਾਂ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਨਵੇਂ ਸਿੰਘ ਸਜਾਇਆ।

ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਅਥਾਹ ਲਗਨ, ਪ੍ਰੇਮ-ਸ਼ਰਧਾ ਤੇ ਉਤਸ਼ਾਹ ਦੇਖ ਕੇ ਹੀ ਆਪ ਨੂੰ 'ਸਿੱਖੀ ਦਾ ਪ੍ਰਵਾਨਾ' ਕਹਿਣ ਲੱਗ ਪਏ। ਭਾਈ ਕਿਸ਼ਨ ਸਿੰਘ ਜੀ 'ਪ੍ਰਵਾਨਾ' ਨੇ ਹਿੰਦੀ ਭਾਸ਼ਾ (ਕਵਿਤਾ) ਵਿਚ ਸੂਰਵੀਰ ਬਹਾਦਰ ਸਿੰਘਾਂ-ਸਿੰਘਣੀਆਂ ਦੇ ਕਈ ਇਤਿਹਾਸ ਰਚੇ ਅਤੇ ਉਹਨਾਂ ਨੂੰ ਪਿੰਡੋ-ਪਿੰਡ ਜਾ ਕੇ ਸੁਣਾਇਆ। ਯੂ ਪੀ ਪ੍ਰਾਂਤ ਵਿਚ ਆਪ ਇਤਨੇ ਪ੍ਰਸਿੱਧ ਹੋਏ ਕਿ ਅਜੇ ਭੀ ਪੇਂਡੂ ਲੋਕ ਆਪ ਦੇ ਨਾਮ ਤੋਂ ਕਾਕਿਫ ਹਨ, ਕੇਵਲ ਵਾਕਿਫ ਹੀ ਨਹੀਂ ਸਗੋਂ ਪਿੰਡਾਂ ਦੇ ਬਜ਼ੁਰਗਾਂ ਨੂੰ ਆਪ ਜੀ ਦੇ ਬਣਾਏ ਭਜਨਾਂ ਦੇ ਬੋਲ ਭੀ ਯਾਦ ਹਨ। ਟੂਕ-ਮਾਤਰ ਕੁਝ ਤੁਕਾਂ ਇਥੇ ਪੇਸ਼ ਕਰਦਾ ਹਾਂ:

1. ਟੇਕ ਯਹ ਹੈ ਸਿੰਘੋਂ ਕੀ ਕੌਮ ਇਨੋਂ ਕਾ ਪੰਥ ਨਿਰਾਲਾ ਹੈ॥੧॥
ਇਨਕਾ ਕੋਈ ਘਰ ਬਾਰ ਨਹੀਂ ਹੈ, ਦੌਲਤ ਸੇ ਇਨ੍ਹੇ ਪਯਾਰ ਨਹੀਂ ਹੈ।
ਜੰਗ ਬਿਨਾ ਕੋਈ ਕਾਰ ਨਹੀਂ ਹੈ, ਮੁਰਸ਼ਿਦ ਇਨਕਾ ਗੁਰੂ ਗੋਬਿੰਦ ਸਿੰਘ ਕਲਗੀ ਵਾਲਾ ਹੈ।
ਸਵਾ ਲਾਖ ਕਹੈਂ ਏਕ ਜਨੇ ਕੋ, ਪਾਂਚ ਲਾਖ ਕਹੈਂ ਪਾਂਚ ਤਨੇ ਕੋ।
ਪੀਲੂ ਦਾਖ, ਬਾਦਾਮ ਚਨੇ ਕੋ, ਔਰ ਕਹੈਂ ਲੰਗੜੇ ਕੋ ਯਹ ਤੋ ਸਿੰਘ ਸੁਚਾਲਾ ਹੈ।

2. ਟੇਕ ਹਿੰਦੁਸਤਾਨੀ ਪ੍ਰਾਨੀ, ਕੁਰਬਾਨੀ ਕਰਨਾ ਸੀਖਲੋ।
ਕੁਰਬਾਨੀ ਕਰਨਾ ਸੀਖਲੋ, ਧਰਮ ਪਰ ਮਰਨਾ ਸੀਖਲੋ॥੧॥
ਕੀ ਕੁਰਬਾਨੀ ਦੀਪ ਸਿੰਘ ਨੇ ਹਾਥ ਮੇਂ ਤੇਗ ਉਠਾਈ।
ਕਈ ਮਲੀ ਤੱਕ ਬਿਨਾ ਸ਼ੀਸ਼ਕੇ, ਜਿਸਨੇ ਕਰੀ ਲੜਾਈ।
ਫਿਰ ਗਈ ਭਾਗ ਸਭ ਮੁਗਲ ਫੌਜ ਇਯੂੰ ਦੇਸ਼ ਪੇ ਮਰਨਾ ਸੀਖਲੋ॥੧॥

3. ਟੇਕ ਗੁਰੂ ਗੋਬਿੰਦ ਸਿੰਘ ਕੇ ਸਿੰਘਾਂ ਕੀ ਹਮਨੇ ਸ਼ਾਨ ਸਵਾਈ ਦੇਖੀ।
ਬਾਂਕੇ ਬੀਰ ਛਬੀਲਾਂ ਕੇ ਗਲ ਮੇਂ ਕਿਰਪਾਨ ਬਜਾਈ ਦੇਖੀ॥੧॥

ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਕਰਨ ਵਿਚ ਇਹ ਯੁਕਤੀ ਕਾਮਯਾਰ ਰਹੀ। ਪਰ 1947 ਵਿਚ ਹਿੰਦੁਸਤਾਨ-ਪਾਕਿਸਤਾਨ ਬਣਨ ਨਾਲ ਹਾਲਾਤ ਬਦਲ ਗਏ, ਐਸੀ ਉੱਥਲ-ਪੁਥਲ, ਮਾਰ-ਕਾਟ ਵਿਚ ਪ੍ਰਚਾਰ ਕਿੱਥੇ ਹੋਣਾ ਸੀ। ਸੋ ਆਪ ਜੀ ਭੀ ਸਰਵਿੰਸ ਛੱਡ ਹਾਪੁੜ ਤੋਂ ਪਿੰਡ ਮੁਖੀਆਲੀ ਆ ਗਏ। ਕੁਝ ਸਮੇਂ ਬਾਅਦ ਸਹਿਜੇ-ਸਹਿਜੇ ਦੇਸ਼ ਵਿਚ ਅਮਨ ਚੈਨ ਹੋ ਗਿਆ, ਜਿੱਥੇ ਕਿਸੇ ਨੂੰ ਰੋਜ਼ੀ-ਰੋਟੀ ਤੇ ਬੈਠਣ ਨੂੰ ਥਾਂ ਮਿਲੀ ਟਿਕ ਗਿਆ। ਆਪ ਜੀ ਨੇ ਦੋ ਕੁ ਸਾਲ ਪਿੰਡ ਰਹਿ ਕੇ ਖੇਤੀਬਾੜੀ ਦਾ ਕੰਮ ਕੀਤਾ, ਇਕ ਦੋ ਕੰਮ ਹੋਰ ਕੀਤੇ, ਪਰ ਕਿਸੇ ਕੰਮ ਵਿਚ ਮਨ ਟਿਕਿਆ ਨਹੀਂ। ਨਾਲੇ ਆਪ ਜੀ ਨੂੰ ਤਾਂ ਗੁਰੂ ਨੇ ਕੀਰਤਨ ਦੀ ਦਾਤ ਬਖਸ਼ਿਸ਼ ਕੀਤੀ ਸੀ, ਇਸ ਲਈ ਹੋਰ ਕੰਮ ਕਿਵੇਂ ਕਰ ਸਕਦੇ ਸਨ। ਸੋ, 1952 ਵਿਚ ਨਵੇਂ ਸਿਰੋਂ ਆਪ ਰਾਗੀ ਜੱਥਾ ਤਿਆਰ ਕਰ ਕੇ ਭਾਰਤ ਦੇ ਪ੍ਰਸਿੱਧ ਸ਼ਹਿਰਾਂ ਦੀਆਂ ਸਿੱਖ ਸਟੇਜਾਂ ਤੋਂ ਕੀਰਤਨ ਵਖਿਆਨ ਰਾਹੀਂ ਗੁਰਮਤਿ ਪ੍ਰਚਾਰ ਕਰਦੇ ਅਤੇ ਨਾਲ ਸੈਂਕੜੇ ਅਨਮਤੀਆਂ ਨੂੰ ਭੀ ਗੁਮਰਤਿ ਦਾ ਗਿਆਨ ਕਰਾ ਕੇ ਸਿੱਖ ਮਤ ਵਿਚ ਲਿਆਉਂਦੇ ਰਹੇ। ਇੰਝ 52 ਤੋਂ 64 ਤੱਕ ਆਪ ਜੀ ਦਾ ਰਾਗੀ ਜੱਥਾ ਸਿੱਖ ਪੰਥ ਵਿਚ ਇਤਨਾ ਪ੍ਰਸਿੱਧ ਹੋ ਗਿਆ ਕਿ ਗੁਰਪੁਰਬਾਂ ਲਈ ਦੇਸ਼ ਵਿਦੇਸ਼ ਤੋਂ ਸੱਦੇ ਪੱਤਰ ਆਉਣ ਲੱਗ ਪਏ। ਭਾਵੇਂ ਆਪ ਜੀ ਨੂੰ ਸ਼੍ਰੋਮਣੀ ਕਮੇਟੀ ਨੇ ਯੂ ਪੀ ਮਿਸ਼ਨ ਹਾਪੁੜ ਤੇ ਅਲੀਗੜ੍ਹ ਦਾ ਇੰਚਾਰਜ ਥਾਪਿਆ ਅਤੇ ਇਕ ਸਾਲ ਇਸ ਸੇਵਾ ਨੂੰ ਬੜੇ ਸੁਚੱਜੇ ਢੰਗ ਨਾਲ ਨਿਭਾਇਆ, ਪਰ ਬਾਰ ਬਾਰ ਦੇਸ਼ ਵਿਦੇਸ਼ ਤੋਂ ਮੰਗ ਆਉਣ ਕਾਰਨ ਇਹ ਸੇਵਾ ਛੱਡ ਕੇ ਵਿਦੇਸ਼ ਜਾਣ ਦੀ ਤਿਆਰੀ ਕਰ ਲਈ।

ਦਸੰਬਰ 1966 ਵਿਚ ਈਰਾਨ ਦੀਆਂ ਸੰਗਤਾਂ ਨੇ ਸ੍ਰੀ ਦਸਮੇਸ਼ ਜੀ ਦੇ ਤਿੰਨ ਸੌ ਸਾਲਾ ਗੁਰਪੁਰਬ ਲਈ ਆਪ ਜੀ ਦੇ ਰਾਗੀ ਜੱਥੇ ਨੂੰ ਸੱਦਿਆ। ਕਾਬੁਲ, ਈਰਾਨ, ਕੁਵੈਤ ਦੀਆਂ ਸਿੱਖ ਸੰਗਤਾਂ ਨੂੰ ਆਪਣੇ ਮਨੋਹਰ ਕੀਰਤਨ-ਵਿਖਿਆਨ ਰਾਹੀਂ ਨਿਹਾਲ ਕੀਤਾ ਅਤੇ ਈਰਾਨ ਵਿਚ ਪਹਿਲੀ ਵਾਰ ਅੰਮ੍ਰਿਤ ਪ੍ਰਚਾਰ ਹੋਇਆ, ਜਿਸ ਵਿਚ 80 ਤੋਂ ਵੱਧ ਮਾਈ ਭਾਈ ਨੇ ਅੰਮ੍ਰਿਤ ਪਾਨ ਕੀਤਾ। ਉਸ ਤੋਂ ਬਾਅਦ ਆਪ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਲਈ ਲੰਡਨ (ਯੂ ਕੇ) ਚਲੇ ਗਏ ਅਤੇ ਆਪਣੇ ਕੀਰਤਨ ਕਥਾ ਰਾਹੀਂ ਸੰਗਤਾਂ ਨੂੰ ਐਸਾ ਪ੍ਰਭਾਵਿਤ ਕੀਤਾ ਕਿ ਪ੍ਰਬੰਧਕਾਂ ਨੇ ਸਰਬ ਸੰਮਤੀ ਨਾਲ ਮਤਾ ਪਾਸ ਕਰਕੇ ਦੁਬਾਰਾ ਪੰਜ

ਸੌ ਸਾਲਾ ਪੁਰਬ (ਸ੍ਰੀ ਗੁਰੂ ਨਾਨਕ ਦੇਵ ਜੀ) ਲਈ ਉਚੇਚੇ ਤੌਰ 'ਤੇ ਸੱਦਿਆ। ਇਹ ਉਹ ਸਮਾ ਸੀ ਜਦੋਂ ਇੱਕਾ-ਦੁੱਕਾ ਰਾਗੀ ਜੱਥਾ ਜਾਂ ਪ੍ਰਚਾਰਕ ਹੀ ਵਿਦੇਸ਼ ਪਹੁੰਚਦਾ ਸੀ। ਖੈਰ, ਆਪ ਜੀ ਨੂੰ ਕਾਫੀ ਸਮਾਂ ਲੰਡਨ ਰਹਿਣ ਕਰਕੇ ਐਸਾ ਭਾਇਆ ਕੇ ਮੁੜ ਦੇਸ਼ ਆਉਣ ਦੀ ਇੱਛਾ ਨਾ ਰਹੀ। ਭਾਵ ਲੰਡਨ ਤੋਂ ਹੀ ਜਰਮਨ, ਕੈਨੇਡਾ, ਅਮਰੀਕਾ ਆਦਿ ਦੇਸ਼ਾਂ ਵਿਚ ਕਥਾ ਕੀਰਤਨ ਦੁਆਰਾ ਸੁਤੰਤਰ ਤੌਰ 'ਤੇ ਸੰਗਤਾਂ ਵਿਚ ਗੁਰਮਤਿ ਦਾ ਪ੍ਰਚਾਰ ਕਰਦੇ ਰਹੇ।

ਮਈ-ਜੂਨ ਦੀਆਂ ਸਾਲਾਨਾ ਛੁੱਟੀਆਂ ਬਿਤਾਉਣ ਜਦੋਂ ਵੀ ਦਾਸ ਇੰਗਲੈਂਡ ਗਿਆ, ਆਪ ਜੀ ਨੇ ਇਸ ਗਲ ਦਾ ਜ਼ਿਕਰ ਜ਼ਰੂਰ ਕੀਤਾ ਕਿ ਸਿੱਖ ਪੰਥ ਨੂੰ ਉਹਨਾਂ ਪੰਜ ਪਿਆਰਿਆਂ ਦੇ ਥਾਂ ਠਿਕਾਣਿਆਂ ਦਾ ਪਤਾ ਕਰਨਾ ਚਾਹੀਦਾ ਹੈ, ਜਿਹੜੇ ਸ੍ਰੀ ਦਸਮੇਸ਼ ਜੀ ਦੀ ਵੰਗਾਰ ਸੁਣ ਖੂਨ ਭਿੱਜੀ ਤੇਗ ਹੇਠਾਂ ਆਪਣਾ ਸੀਸ ਭੇਟ ਕਰਨ ਲਈ ਤਿਆਰ ਹੋ ਗਏ। ਫਿਰ ਦਾਸ ਨੂੰ ਸੰਬੋਧਨ ਕਰਕੇ ਕਹਿਣ ਕਿ 'ਹਸਤਨਾਪੁਰ' ਤਾਂ ਆਪਣੇ ਹੀ ਇਲਾਕੇ ਵਿਚ ਹੈ, ਉਸ ਦੇ ਆਸ ਪਾਸ ਦੇ ਤਿੰਨ ਪਿੰਡ ਐਸੇ ਹਨ, ਜਿਹਨਾਂ ਵਿਚ ਭਾਈ ਧਰਮ ਸਿੰਘ ਜੀ ਦਾ ਖਾਨਦਾਨ (ਪ੍ਰਵਾਰ) ਵਸਦਾ ਹੈ। ਅਗਲੇ ਸਾਲ ਇੰਡੀਆ ਆ ਕੇ ਮੈਂ ਉਸ ਅਸਥਾਨ ਦੀ ਖੋਜ ਜ਼ਰੂਰ ਕਰਨੀ ਹੈ ਜਿੱਥੇ ਭਾਈ ਧਰਮ ਸਿੰਘ ਜੀ ਦਾ ਜਨਮ ਹੋਇਆ ਸੀ। ਨਵੰਬਰ 1997 ਵਿਚ ਆਪ ਇੰਗਲੈਂਡ ਤੋਂ ਦਿੱਲੀ ਅਤੇ ਦਿੱਲੀ ਤੋਂ ਆਪਣੇ ਪਿੰਡ ਮੁਖੀਆਲੀ ਪਹੁੰਚ ਕੇ ਨਿਰੇ ਨਿਵੇਂ ਸਿਰੋਂ ਖੋਜ ਆਰੰਭ ਕੀਤੀ। ਜਿਹੜੀ ਖੋਜ (ਰਿਪੋਰਟ) ਤਿਆਰ ਕਰਕੇ ਆਪ ਜੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਪ੍ਰਧਾਨ ਸ੍ਰ: ਗੁਰਬਚਨ ਸਿੰਘ ਟੌਹੜਾ ਨੂੰ ਭੇਜੀ ਗਈ, ਉਸ ਦਾ ਸਾਰ ਅੰਸ਼ ਹੇਠਾਂ ਦਿੱਤਾ ਜਾਂਦਾ ਹੈ:

ਸੰਨ 1967 ਵਿਚ ਦਾਸ ਇੰਡੀਆਂ ਤੋਂ ਇੰਗਲੈਂਡ (ਯੂ ਕੇ) ਚਲਾ ਗਿਆ ਅਤੇ ਪ੍ਰਵਾਰ ਸਹਿਤ ਉਥੇ ਹੀ ਰਹਿੰਦਾ ਹਾਂ। ਪਰ ਖਾਲਸਾ ਪੰਥ ਵੱਲੋਂ ਤਿੰਨ ਸੌ ਸਾਲਾ ਸ਼ਤਾਬਦੀ ਨੂੰ ਚੜ੍ਹਦੀ ਕਲਾ ਵਿਚ ਮਨਾਏ ਜਾਣ ਦੀ ਖਬਰ ਸੁਣ ਕੇ ਮੈਨੂੰ ਆਪਣੀ ਪੁਰਾਣੀ ਕੀਤੀ ਖੋਜ ਤਾਜ਼ਾ ਹੋ ਆਈ ਅਤੇ ਮਨ ਨੇ ਹੁਲਾਰਾ ਮਾਰਿਆ ਕਿ 'ਪ੍ਰਵਾਨਿਆ ਘੱਟੋ ਘੱਟ ਤੂੰ ਭਾਈ ਧਰਮ ਸਿੰਘ ਜੀ ਪਿਆਰੇ ਦਾ ਪਿੰਡ ਤੇ ਪ੍ਰਵਾਰ ਸੰਬੰਧੀ ਖੋਜ ਕਰ ਕੇ ਸਿੱਖ ਪੰਥ ਨੂੰ ਦੱਸ ਕੇ ਉਸ ਮਹਾਨ ਸੂਰਬੀਰ ਯੋਧਾ ਕਿਸ ਪਿੰਡ ਦਾ ਰਹਿਣ ਵਾਲਾ ਸੀ ਤਾਂ ਜੋ ਗੁਰੂ ਕੇ ਪ੍ਰੇਮੀ ਸਿੱਖ ਉਸ ਦੀ ਕੋਈ ਯਾਦ ਕਾਇਮ ਕਰ ਸਕਣ। ਸੋ ਉਸੇ ਖਿਆਲ ਨੂੰ ਮੁੱਖ ਰੱਖ ਕੇ ਦਾਸ ਨਵੰਬਰ 1997 ਵਿਚ ਮੁੜ ਦਿੱਲੀ ਆਇਆ ਅਤੇ ਦਿੱਲੀ ਤੋਂ ਆਪਣੇ ਪਿੰਡ ਮੁਖੀਆਲੀ ਪਹੁੰਚ ਕੇ ਨਵੇਂ ਸਿਰੋਂ ਖੋਜ ਆਰੰਭ ਕੀਤੀ।

ਭਾਈ ਸਾਹਿਬ ਭਾਈ ਧਰਮ ਸਿੰਘ ਜੀ ਨੂੰ ਇਤਿਹਾਸਕਾਰਾਂ ਨੇ 'ਹਸਤਨਾਪੁਰ' ਦਾ ਜੱਟ ਲਿਖਿਆ ਹੈ। ਪਰ, ਹਸਤਨਾਪੁਰ ਵਿਚ ਕੋਈ ਜੱਟ ਪ੍ਰਵਾਰ ਨਹੀਂ ਰਹਿੰਦਾ, ਉਸ ਦੇ ਨੇੜੇ ਇਕ ਸੈਫਪੁਰ ਨਗਲਾ ਪ੍ਰਸਿੱਧ ਪਿੰਡ ਹੈ। ਪਰ ਉਸ ਵਿਚ ਭੀ ਜੱਟਾਂ ਦਾ ਕੋਈ ਘਰ ਨਹੀਂ। ਹਾਂ, ਜਿਸ ਪਿੰਡ ਦਾ ਨਾਮ ਸੈਫਪੁਰ ਕਰਮਚੰਦ ਹੈ, ਉਸ ਵਿਚ ਇਕ ਘਰ ਜੱਟਾਂ ਦਾ ਹੈ। ਜੋ ਆਪਣੇ ਆਪ ਨੂੰ ਭਾਈ ਧਰਮ ਸਿੰਘ ਜੀ ਦਾ ਪਰਿਵਾਰ ਸਰੀਕਾ ਮੰਨਦੇ ਹਨ। ਇਥੇ ਕੇਵਲ ਇਕ ਘਰ ਜੱਟਾਂ ਦਾ ਕਿਵੇਂ ਰਹਿ ਗਿਆ, ਇਸ ਦਾ ਕਾਰਨ ਇਏ ਹੈ ਕਿ ਮੁਗਲ ਹਕੂਮਤ ਨਾਲ ਸਿੱਧੀ ਟੱਕਰ ਲੈਣ ਵਾਲੇ ਦਸਮ ਪਾਤਸ਼ਾਹ ਤੇ ਉਹਨਾਂ ਦੇ ਖਾਸ ਸਿਦਕੀ ਸਿੰਘਾਂ ਵਿਚੋਂ ਭਾਈ ਧਰਮ ਸਿੰਘ ਦਾ ਪਰਿਵਾਰ ਕਿਵੇਂ ਇਕ ਥਾਂ ਟਿਕਿਆ ਰਹਿ ਸਕਦਾ ਸੀ। ਸੋ ਇਸ ਪਰਿਵਾਰ ਦੇ ਬੰਦੇ ਆਪਣੇ ਪਿੰਡ ਛੱਡ ਕੋਈ ਬੈਸੂਮਾਂ ਅਤੇ ਕੋਈ ਲਿਲੋਹਾ ਪਿੰਡ ਚਲਾ ਗਿਆ। ਇਹ ਦੋਵੇਂ ਪਿੰਡ ਭੀ ਹਸਤਨਾਪੁਰ ਦੇ ਨੇੜੇ ਅਤੇ ਤਹਿਸੀਲ ਮੁਈਨਾ ਤੋਂ ਕੁਝ ਮੀਲ ਦੂਰ ਹਨ। ਪਿੰਡ ਬੈਸੂਮਾਂ ਜਿਸ ਵਿਚ ਭਾਈ ਸਾਹਿਬ ਦੇ ਸਰੀਕੇ ਰਹਿੰਦੇ ਸਨ, ਉਸ ਨੂੰ ਪਿੰਡ ਦੇ ਬੰਦੇ ਅਜੇ ਵੀ ਗ੍ਰੰਥੀ ਹਵੇਲੀ ਆਖਦੇ ਨੇ ਅਤੇ ਪਿੰਡ ਲਿਲੋਹਾ ਵਿਖੇ ਉਸ ਮੁਹੱਲੇ ਦਾ ਨਾਮ ਹੀ 'ਸਿੱਖਾਂ ਦੀ ਪੱਟੀ ਹੈ', ਜਿੱਥੇ ਕੁਝ ਘਰ ਅਜੇ ਭੀ ਜੱਟਾਂ ਦੇ ਹਨ। ਪਰ ਇਹ ਸਭ ਪਿੰਡ ਸੈਫਪੁਰ ਤੋਂ ਆ ਕੇ ਹੀ ਵਸੇ ਹਨ, ਅਸਲ ਥਾਂ ਸੈਫਪੁਰ ਕਰਮਚੰਦ ਹੀ ਹੈ।

ਉੱਤੇ ਲਿਖੀ ਰਿਪੋਰਟ ਨੂੰ ਪੜ੍ਹ ਕੇ 'ਟੋਹੜਾ ਸਾਹਿਬ' ਨੇ ਗਿਆਨੀ ਹਰਿੰਦਰ ਸਿੰਘ ਜੀ ਐਮ ਐਲ ਜੀ (ਬਾਜਪੁਰ ਨੂੰ ਚਿੱਠੀ ਲਿਖੀ ਕਿ ਆਪ ਜੀ ਇਸ ਦੀ ਖੋਜ ਪੜਤਾਲ ਕਰਾਓ ਅਤੇ ਸ੍ਰੀ ਅਕਾਲ ਤਖਤ ਦੇ ਜੱਥੇਦਾਰ ਸਿੰਘ ਸਾਹਿਬ ਗਿਆਨੀ ਪੂਰਨ ਸਿੰਘ ਜੀ ਨੂੰ ਉਚੇਚੇ ਤੌਰ 'ਤੇ ਘਲਿਆ। ਇਸ ਤੋਂ ਇਲਾਵਾ ਹੋਰ ਵੀ ਕਈ ਖੋਜੀ ਸੱਜਣ ਉਥੇ ਗਏ ਅਤੇ ਪੂਰਨ ਤਸੱਲੀ ਕਰਨ ਤੋਂ ਬਾਅਦ ਸੰਤ ਬਾਬਾ ਹਰਬੰਸ ਸਿੰਘ ਜੀ (ਕਾਰ ਸੇਵਾ) ਦਿੱਲੀ ਤੋਂ ਗਏ ਅਤੇ ਉਹਨਾਂ ਸੰਨ 2000 ਵਿਚ ਉਸ ਅਸਥਾਨ ਤੇ ਸੇਵਾ ਆਰੰਭ ਦਿੱਤੀ ਜਿੱਥੇ ਭਾਈ ਸਾਹਿਬ ਦਾ ਕੰਮ ਪਲ ਹੋਇਆ।

13 ਅਪ੍ਰੈਲ 2000 ਤੋਂ ਬਾਅਦ ਪਰਵਾਨਾ ਜੀ ਨੂੰ ਜਦੋਂ ਪਤਾ ਚਲਿਆ ਤਾਂ ਆਪ ਮਸਤੀ ਵਿਚ ਝੂਮ ਉੱਠੇ ਅਤੇ ਕਿਹਾ ਕਿ ਅੱਜ ਮੇਰੀ ਮਨੋ ਕਾਮਨਾ ਪੂਰੀ ਹੋ ਗਈ, ਦਸਮ ਪਿਤਾ ਨੇ ਮੇਰਾ ਸੁਪਨਾ ਸਾਕਾਰ ਕਰ ਵਿਖਾਇਆ। ਹੁਣ ਮੈਂ ਭੀ ਉਥੇ ਜਾ ਕੇ

ਸੇਵਾ ਕਰਾਂਗਾ। ਸਬੱਬ ਨਾਲ ਸੰਤ ਬਾਬਾ ਅਮਰ ਸਿੰਘ ਜੀ (ਨਾਨਕ ਸਰ ਠਾਠ) ਵਾਲਿਆਂ ਨੇ ਆਪ ਜੀ ਨੂੰ 'ਸਰਬ ਧਰਮ ਸੰਮੇਲਨ' ਲਈ ਦਿੱਲੀ ਭੇਜਿਆ। ਪੰਜ ਸੱਤ ਦਿਨ ਬਾਅਦ ਆਪ ਜੀ ਨੂੰ ਥੋੜ੍ਹੀ ਤਕਲੀਫ ਹੋਈ ਅਤੇ 25 ਜੂਨ ਦਿਨ ਐਤਵਾਰ ਸਵੇਰੇ ਸਿਮਰਨ ਕਰਦੇ ਕਰਦੇ ਗੁਰੂ ਚਰਨਾਂ ਵਿਚ ਜਾ ਬਿਰਾਜੇ। ਇਹ ਖਬਰ ਸੁਣਦਿਆਂ ਸਾਰ ਲੰਡਨ ਤੋਂ ਸਾਰਾ ਪਰਿਵਾਰ ਦਿੱਲੀ ਨੂੰ ਰਵਾਨਾ ਹੋ ਗਿਆ ਅਤੇ ਬਾਬਾ ਜੀ ਭੀ ਹਾਂਗਕਾਂਗ ਤੋਂ ਦਿੱਲੀ ਪਹੁੰਚ ਗਏ। ਬਾਬਾ ਜੀ ਨੇ ਆਪਣੀ ਦੇਖ ਰੇਖ ਵਿਚ ਸ੍ਰੀ ਅਖੰਡ ਪਾਠ ਕਰਵਾਏ, ਉਪਰੰਤ ਦੀਵਾਨ ਸਜਾਏ ਗਏ, ਬਾਬਾ ਜੀ ਨੇ ਆਪ ਜੀ ਨੂੰ ਸਿੱਖ ਪੰਥ ਦਾ ਇਕ ਮਹਾਨ ਕੀਰਤਨੀਆ ਕਥਾਕਾਰ ਤੇ ਅਣਥੱਕ ਪ੍ਰਚਾਰਕ ਦੱਸਦਿਆਂ ਬਹੁਤ ਪ੍ਰਸੰਸਾ ਕੀਤੀ। ਇਸੇ ਤਰ੍ਹਾਂ ਇੰਗਲੈਂਡ ਵਿਖੇ ਪੰਥ ਪ੍ਰਸਿੱਧ ਆਗੂ ਡਾ. ਜਗਜੀਤ ਸਿੰਘ ਚੌਹਾਨ ਨੇ ਪ੍ਰਵਾਨਾ ਜੀ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਆਖਿਆ 'ਪਰਵਾਨਾ ਜੀ ਨੇ ਬਹੁਤ ਸਮਾਂ ਯੂ ਪੀ ਵਿਚ ਸਿੱਖੀ ਦਾ ਪ੍ਰਚਾਰ ਕੀਤਾ ਅਤੇ ਫਿਰ ਇੰਗਲੈਂਡ ਆ ਕੇ 'ਪੰਥ ਆਜ਼ਾਦ ਦੇਸ਼' ਦੀ ਕਾਇਮੀ ਲਈ ਡੱਟ ਕੇ ਸਾਰੀਆਂ ਪੰਥਕ ਕਾਨਫਰੰਸਾਂ ਕਰਾਉਣ ਵਿਚ ਮਦਦ ਕੀਤੀ। ਇਸ ਤੋਂ ਇਲਾਵਾ ਸਾਰੇ ਸੰਸਾਰ ਵਿਚ ਘੁੰਮ ਕੇ 60 ਸਾਲ ਤੱਕ ਪੰਥ ਖਾਲਸੇ ਦੀ ਸੇਵਾ ਕਰਦੇ ਰਹੇ। ਉਹ ਆਪਣੀ ਮਿਸਾਲ ਆਪ ਸਨ, ਹਮੇਸ਼ਾ ਉਹ ਸਾਡੇ ਨਾਲ ਰਹੇ ਅਤੇ ਆਖਰੀ ਸਮੇਂ ਤੱਕ ਪੰਥ ਦੀ ਬੇਹਿਤਰੀ ਲਈ ਕੰਮ ਕਰਦੇ ਹੋਏ ਹੀ ਗੁਰੂ ਮਹਾਰਾਜ ਦੇ ਚਰਨਾਂ ਵਿਚ ਜਾ ਬਿਰਾਜੇ।

ਸਿੱਖ ਪੰਥ ਦਾ ਇਹ ਮਹਾਨ ਪ੍ਰਚਾਰਕ, ਅਦੁੱਤੀ ਕੀਰਤਨੀਆ, ਕਵੀ ਤੇ ਕਥਾਕਾਰ, ਅੱਸੀ ਸਾਲ ਦੀ ਵਡੇਰੀ ਆਯੂ ਤੱਕ ਭੀ ਹਰ ਸਮੇਂ ਧਰਮ ਪ੍ਰਚਾਰ ਲਈ ਤਿਆਰ ਰਹਿਣ ਵਾਲਾ 'ਪ੍ਰਵਾਨਾ' ਇਸ ਦੁਨੀਆਂ ਫਾਨੀ ਤੋਂ ਵਿਦਾਅ ਹੋ ਗਿਆ। ਆਪ ਜੀ ਵੱਲੋਂ ਕੀਤੀ ਗਈ ਪੰਥਕ ਸੇਵਾ ਹਮੇਸ਼ਾ ਪੰਥ ਹਿਤੈਸ਼ੀਆਂ ਨੂੰ ਪ੍ਰੇਰਨਾ ਦਿੰਦੀ ਰਹੇਗੀ ਐਸਾ ਮੈਨੂੰ ਯਕੀਨ ਹੈ।

ਗੁਰਮਤਿ ਵਿਦਿਆਲਾ, ਗੁ: ਰਕਾਬ ਗੰਜ, ਨਵੀਂ ਦਿੱਲੀ


HELP NEEDY

SHARE THE BLESSINGS

HELP NEEDY

● TO LIVE LONG
LEAD NATURAL LIFE

● TO LIVE MEANINGFULL LIFE
JOIN TEAM HELP NEEDY

● TO LIVE FOR EVER
DONATE

● BLOOD ● EYES ● TISSUES ● ORGANS ● WHOLE BODY

A UNIQUE GIFT OF LIFE

AN ISO 9001 - 2000 CERT. TRUST

**SEWAKS' Charitable Trust (Regd.)**

Regd. Office : SCO 1104 - 05, First Floor, Sector 22-B, Chandigarh-160 022

Tele : 93161-36238, 98786-36268, 98141-01806
E-mail : sewaks@sewaks-helpneedy.com, website : www.sewaks-helpneedy.com
B.O. : 2477, 15TH LANE, DASMESH NAGAR, GILL ROAD, LUDHIANA PH.: 2490820, MOB.: 98156-18154
TRUST CENTRE HARYANA : Sewaks' Sewa Centre, Lal Kothi, Village Behlon, Morni Hills, Panchkula
TRUST CENTRE PUNJAB : Medical Sewa Centre, Village Jhanjeri, P.O. Landran, Tehsil Kharar, Distt. S.A.S Nagar
ASSOCIATES : Gurmat Parsar Medical Sewa Centre, Mundi Kharar, Distt. S.A.S. Nagar (Punjab)
ASSIST-HELP : Like minded Charitable Institutes having similar Aims & Objects

IN THE SERVICE OF HUMANITY. SINCE 1994

**Let us try to understand Gurbani**

ਸੁਮੀਤ ਕੌਰ

**RAAG ASA-MAHALA 5**

**ਰਾਗ ਆਸਾ ਮਹਲਾ ੫**

ਜਾਗ ਰੇ ਮਨ ਜਾਗਨਹਾਰੇ॥ ਬਿਨ ਹਰਿ ਅਵਰੁ ਨ ਆਵਸਿ ਕਾਮਾ, ਝੂਠਾ ਮੋਹੁ ਮਿਥਿਆ ਪਸਾਰੇ॥੧॥ ਰਹਾਉ॥

Meaning : Here Guru Arjun Dev ji is telling the mind to wake up from slumber & do the right things. Most of us are wasting time doing unwanted things which will not spiritually uplift us so to correct the mind, we have to correct our thoughts. Without Hari, which means true divine knowledge, you will get nowhere and you will be stuck in the never ending rat-race for materialism.

Ist Pad ਸਤਿਗੁਰ ਅਪਨਾ ਸਦ ਸਦਾ ਸਮਾਰੇ॥ ਗੁਰ ਕੇ ਚਰਨ ਕੇਸ ਸੰਗਿ ਝਾਰੇ॥੧॥

Meaning : Here Satgur means true guru which means true knowledge so we have to always keep our guru's words in our heart and in the second line, we are not talking about physically cleaning guru's feet but it is to be mentally preparing oneself to imbibe his words and live it up.

2nd Pad ਗੁਰ ਕੀ ਬਾਣੀ ਸਿਉ ਰੰਗੁ ਲਾਇ॥ ਗੁਰੁ ਕਿਰਪਾਲ ਹੋਇ ਦੁਖੁ ਜਾਇ॥੨॥

Meaning : His true divine knowledge should be lovingly taken, means we should lovingly, with positivity do our prayers, by understanding it carefully, try to understand and the secret hidden message guruji is trying to give us, work hard and only then he will shower his mercy, i.e. once we understand the truth, all our pain will vanish because we will understand that the cause of our pain is, we ourselves, our mind, our thoughts and our actions. As said in Japji Sahib. As you sow, so shall you reap. We have to accept responsibility for our actions & blame no one else. So try to work hard for his grace.

3rd Pad : ਗੁਰ ਬਿਨੁ ਦੂਜਾ ਨਾਹੀ ਥਾਉ॥ ਗੁਰੁ ਦਾਤਾ ਗੁਰ ਦੇਵੈ ਨਾਉ॥੩॥

Meaning : Here Guruji says that without his true, divine knowledge there is no way out because all outer knowledge only builds up ego. Inner and divine knowledge will give you peace and stability. In second line Guruji says that if you are ready to practically apply my knowledge, your thoughts will automatically become positive & you will store doing things for humanity.

4th Pad : ਗੁਰ ਪਾਰਬ੍ਰਹਮ ਪਰਮੇਸਰੁ ਆਪਿ॥ ਆਠ ਪਹਰ ਨਾਨਕ ਹਿਰ ਜਾਪਿ॥੪॥੧੬॥੬੯॥

Here Guruji says that getting true knowledge is like finding God itself because Kabirji has rightly said ਕਬੀਰਾ ਜਹਾ ਗਿਆਨੁ ਤਹ ਧਰਮੁਹੈ means without true

knowledge, you will be fooled by all around so until & unless you know the truth, you cannot step on the path of religiousness and spirituality because only Guru's divine knowledge will help us to realize this and once we start merging into this knowledge, we automatically will develop the qualities needed to work on the path of religion. In the second line, Guruji instructs us to always remember the words told by him and also we should practically apply it in our lives.

**HOW TO APPLY THIS SHABAD DAILY IN LIFE**

1. Do things with total awareness. Know the reason of doing things and what consequences you will face after action is completed. So think and take action.
2. Use your time fruitfully & do not indulge in activities which will lead you nowhere and do not get stuck up in show offs & materialistic gains because the end result is only pain.
3. Do your prayers sincerely with love and devotion. Do not rush, understand what you read. Try to understand the secret message of the lesson.
4. Apply what you read.
5. Fix mind with positive thoughts.

Row House 4, Konark Pooram, Kondhwa Pune - 48, M : 9822033098


Hot millions®

Salad Bar & Restaurant

Serving Indian, Chinese, Continental & Italian Food
with a regular Indian & Salad Buffet



For Free Home Delivery
(above Rs. 100/- )

CHD 2723333 SALAD BAR 2723222
PKL 2579888 MOH 2264300



CONTAINS NO FRUIT / CONTAINS ADDED FLAVOUR

SCO 76-79,(First Floor) Sector 17-E, Chandigarh. Tel: 272322, 2723111, 2704858

PEPSI

# BEAUTIFUL THOUGHTS

* Strong Peoples also commit mistakes as weak peoples. Only difference is stronger people admit mistakes, but weaker ones look for excuses.

* You may be extremely good at heart, people will know you only by your behaviour. Your behaviour may be excellent, but God will know exactly what you are infact at heart.

* When God pushes you to the edge of difficulty, trust him fully because only two things can happen. Either he will catch you when you fall or he will teach you how to fly.

* Response is one of the most powerful communication if you respect the other person. Always give your best response to a person who cares for you.

* Nobody can touch Words, but Words do touch everybody. We are the master of our unspoken words and slave of our spoken words.

* Darkest time of day is the minute before sunrise. So, when you feel you are in the darkest movement of life. Remember that sunrise is just a minute away.

*With best compliments from a wellwisher*


**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

# ਸੁਰ ਲਿਪੀ - ਰਾਗ ਸਾਰੰਗ

ਨਰਿੰਦਰ ਕੌਰ

ਥਾਟ - ਕਾਫੀ
ਜਾਤੀ - ਔਡਵ
ਸੁਰ - ਦੋਨੋਂ ਨਿਸ਼ਾਦ, ਬਾਕੀ ਸੁਰ ਸ਼ੁੱਧ।
ਵਾਦੀ - ਰੇ
ਸੰਵਾਦੀ - ਪ
ਸਮਾਂ - ਦਿਨ ਦਾ ਤੀਜਾ ਪਹਿਰ
ਅਰੋਹ - ਸ ਰੇ ਮ ਪ, ਨੀ ਸਂ
ਅਵਰੋਹ - ਸਂ ਨ਼ੀ ਪ, ਮ ਰੇ, ਸ।
ਪਕੜ - ਨ਼ੀ ਸ ਰੇ, ਮ ਰੇ, ਪ ਮ ਰੇ, ਸ।

ਰਾਗ ਸਾਰੰਗ - ਤਿੰਨ ਤਾਲ (ਮੱਧ ਲੈਅ)

ਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | ਮ | ਪ | ਨੀ | ਸਂ | ਨ਼ੀ | ਪ | ਮ | ਰੇ | ਨ਼ੀ | ਸ |
| | | | | | | ਠਾ | ਕੁਰ | ਤੁ | ਮ | ਸ | ਰ | ਨਾ | ऽ | ਈ | ऽ |
| ਰੇ | - | ਮ | - | ਪ | - | - | - | - | ਰੇ | ਰੇ | ਸ | ਰੇ | ਮ | ਮ | ਨ਼ੀ |
| ਆ | ऽ | ऽ | ऽ | ਇਆ | ऽ | ऽ | ऽ | ऽ | ਉਤ | ਰ | ਗ | ਇਓ | ऽ | ਮੇ | ਰੇ |
| ਪ | ਮ | ਰੇ | ਸ | ਰੇ | ਨੀ | ਸ | - | - | ਨੀ | ਨੀ | ਨੀ | ਸਂ | ਸਂ | ਸਂ | ਸਂ |
| ਮ | ਨ | ਕਾ | ऽ | ਸੰ | ऽ | ਸਾ | ऽ | ऽ | ਜ | ਬ | ਤੇ | ਦ | ਰ | ਸ | ਨ |
| ਨੀ | ਸਂ | ਨੀਸਂ | ਰੇਂਸਂ | ਨ਼ੀ | - | ਪ | - | - | ਨੀ | ਨੀ | ਨੀ | ਸਂ | ਸਂ | ਸਂ | ਸਂ |
| ਪਾ | ऽ | ऽऽ | ऽऽ | ਇਆ | ऽ | ऽ | ऽ | ऽ | ਜ | ਬ | ਤੇ | ਦ | ਰ | ਸ | ਨ |
| ਨੀ | ਸਂ | ਨੀਸਂ | ਰੇਂਸਂ | ਨ਼ੀ | ਪ | | | | | | | | | | |
| ਪਾ | ऽ | ऽऽ | ऽऽ | ਇਆ | ऽ | | | | | | | | | | |
| ਅੰਤਰਾ | | | | | | | | | | | | | | | |
| | | | | | | | | - | ਮ | ਮ | - | ਪ | ਪ | ਨੀ | ਨੀ |
| | | | | | | | | ऽ | ਅਨ | ਬੋ | ऽ | ਲ | ऽ | ਮੇ | ਰੀ |
| ਸਂ | ਸਂ | ਸਂ | - | ਰੇਂ | ਨੀ | ਸਂ | - | - | ਨੀ | ਨੀ | ਨੀ | ਸਂ | - | ਸਂ | ਸਂ |
| ਬਿ | ਰ | ਥਾ | ऽ | ਜਾ | ऽ | ਨੀ | ऽ | ऽ | ਅ | ਪ | ਨਾ | ਨਾ | ऽ | ਮ | ਜ |
| ਨੀ | ਸਂ | ਨੀਸਂ | ਰੇਂਸਂ | ਨੀ | - | ਪ | - | - | ਮ | ਮ | - | ਪ | - | ਨੀ | ਨੀ |
| ਪਾ | ऽ | ऽऽ | ऽऽ | ਇਆ | ऽ | ऽ | ऽ | ऽ | ਦੂਖ | ਨਾ | ऽ | ਠੇ | ऽ | ਸੁ | ਖ |
| ਸਂ | ਸਂ | ਸਂ | ਸਂ | ਰੇਂ | ਨੀ | ਸਂ | - | - | ਨੀਸਂ | ਰੇਂ | ਸਂ | ਰੇਂ | ਰੇਂ | ਸਂ | ਸਂ |
| ਸ | ਹ | ਜ | ਸ | ਮਾ | ऽ | ਏ | ऽ | ऽ | ਅਨੁ | ਦ | ਅ | ਨ | ਦ | ਗੁ | ਣ |
| ਨੀ | ਸਂ | ਨੀਸਂ | ਰੇਂਸਂ | ਨ਼ੀ | - | ਪ | - | - | ਨੀ | ਨੀ | ਨੀ | ਸਂ | ਸਂ | ਸਂ | ਸਂ |
| ਗਾ | ऽ | ऽऽ | ऽऽ | ਇਆ | ऽ | ऽ | ऽ | ऽ | ਅਨ | ਦ | ਅ | ਨ | ਦ | ਗੁ | ਣ |
| ਨੀ | ਸਂ | ਨੀਸਂ | ਰੇਂਸਂ | ਨ਼ੀ | ਪ | | | | | | | | | | |
| ਗਾ | ऽ | ऽऽ | ऽऽ | ਇਆ | ऽ | | | | | | | | | | |

ਬਾਕੀ ਦੇ ਅੰਤਰੇ ਇਸੇ ਧੁਨ ਤੇ।

ਗੁਰਬਾਣੀ ਕੀਰਤਨ ਵਿਚ ਇਹ ਇਕ ਆਮ ਪ੍ਰਚਲਤ ਧੁਨ ਹੈ। ਇਸ ਤਰਜ਼ ਤੇ ਸਾਰੰਗ ਰਾਗ ਦੇ ਹੋਰ ਕਈ ਸ਼ਬਦਾਂ ਦਾ ਗਾਇਨ ਵੀ ਕੀਤਾ ਜਾ ਸਕਦਾ ਹੈ।

ਆਰੀਆ ਕਾਲਜ, ਪਠਾਨਕੋਟ

## ਅੰਗ ੧੨੧੮

Page 1218

### ਸਾਰਗ ਮਹਲਾ ੫ ॥

Saarang, Fifth Mehl:

### ਠਾਕੁਰ ਤੁਮ੍ ਸਰਣਾਈ ਆਇਆ ॥

O my Lord and Master, I have come to Your Sanctuary.

### ਉਤਰਿ ਗਇਓ ਮੇਰੇ ਮਨ ਕਾ ਸੰਸਾ ਜਬ ਤੇ ਦਰਸਨੁ ਪਾਇਆ ॥੧॥ ਰਹਾਉ ॥

The anxiety of my mind departed, when I gazed upon the Blessed Vision of Your Darshan. ||1||Pause||

### ਅਨਬੋਲਤ ਮੇਰੀ ਬਿਰਥਾ ਜਾਨੀ ਅਪਨਾ ਨਾਮੁ ਜਪਾਇਆ ॥

You know my condition, without my speaking. You inspire me to chant Your Name.

### ਦੁਖ ਨਾਠੇ ਸੁਖ ਸਹਜਿ ਸਮਾਏ ਅਨਦ ਅਨਦ ਗੁਣ ਗਾਇਆ ॥੧॥

My pains are gone, and I am absorbed in peace, poise and bliss, singing Your Glorious Praises. ||1||

### ਬਾਹ ਪਕਰਿ ਕਢਿ ਲੀਨੇ ਅਪੁਨੇ ਗ੍ਰਿਹ ਅੰਧ ਕੂਪ ਤੇ ਮਾਇਆ ॥

Taking me by the arm, You lifted me up, out of the deep dark pit of household and Maya.

### ਕਹੁ ਨਾਨਕ ਗੁਰਿ ਬੰਧਨ ਕਾਟੇ ਬਿਛੁਰਤ ਆਨਿ ਮਿਲਾਇਆ ॥੨॥੫੧॥੭੪॥

Says Nanak, the Guru has broken my bonds, and ended my separaation; He has united me with God. ||2||51||74||

**AMRIT KIRTAN TRUST** is Registered Body founded in the year 1989, with a view to promoting the cause of Gurbani Kirtan in its classical and traditional form.

One of the major activity of the Trust is publication of a monthly magazine **"AMRIT KIRTAN"**, devoted to popularising music and Kirtan. The Magazine is widely circulated in India and abroad. It would, therefore, be appreciated that "Amrit Kirtan" provides an appropriate medium of publishing **ABOUT** your products, service and attainments.

We solicit your cooperation and await a release for your advertisement in "Amrit Kirtan". Advertisement tariff for each insertion in the magazine (Print area : 20 x 15 cms) is given below (rebate of 10% is allowed on an annual contract of 12 insertions)

| | | |
|---|---|---|
| Back Cover Page | : | Rs. 4000/- |
| Inside Cover Page | : | Rs. 3000/- |
| Ordinary Full Page | : | Rs. 1000/- |

You can deposit amount for Amrit Kirtan Online in Favour of Amrit Kirtan Trust (Regd.) **Current A/C No.65079603302** at State Bank of Patiala, Sector 22-B, Chandigarh.

Donations for Amrit Kirtan Trust (Regd.) are eligible for relief u/s 80 G of Income Tax Act, 1961 (43 of 1961) vide CIT/-I/CHD/Tech./80-G/ 2008-939 dated 19-05-2008 - valid up to 31/03/2012.


## AMRIT KIRTAN TRUST (REGD.)

# 422, Sector 15-A, Chandigarh-160015

**Mobile**:098140 53630;**Phone**: 0172-277660

**Email**: drjagirsingh@gmail.com **Website**: http://amritkirtan.com

Postal Regd. No. G/CDH/0045/2009-10 RNI Regd. No. 46788/89 ISSN 0972-2335

# AN APPEAL

Donations for Amrit Kirtan Trust (Regd.) are eligible for relief u/s 80 G of Income Tax Act, 1961 (43 of 1961) vide CIT/-I/CHD/Tech./80-G/ 2008-939 dated 19-05-2008 - valid up to 31/03/2012.

Please Donate only 1% of your Income to continue Receiving/Partaking the Langar of Kirtan CDs and Amrit Kirtan Magazine.

Now you can deposit Subscription for Amrit Kirtan (Monthly Magazine) Online in Favour of Amrit Kirtan Trust (Regd.) Current A/C No.65079603302 at State Bank of Patiala, Sector 22-B, Chandigarh.

**Dr. Jagir Singh**
Chairman, Amrit Kirtan Trust (Regd.)
# 422, Sector 15-A, Chandigarh-160015
**Mobile**:098140 53630;
**Phone**: 0172-277660
**Email**: drjagirsingh@gmail.com
**Website**: http://amritkirtan.com